# ਚਾਨਣੀ ਦੇ ਦੇਸ ਵਿਚ

## *ਅਰਤਿੰਦਰ ਸੰਧੂ ਦੀਆਂ ਹੋਰ ਪੁਸਤਕਾਂ*

**ਮੌਲਿਕ ਕਾਵਿ-ਸੰਗ੍ਰਹਿ**

• ਸਿਜਦੇ ਜੁਗਨੂੰਆਂ ਨੂੰ (**ਕਵਿਤਾ**) • ਸਪੰਦਨ (**ਕਵਿਤਾ**) • ਇਕ ਟੋਟਾ ਵਰੇਸ (**ਕਵਿਤਾ**) • ਏਕਮ ਦੀ ਫਾਂਕ (**ਕਵਿਤਾ**) • ਕਿਣ ਮਿਣ ਅੱਖਰ (**ਕਵਿਤਾ**) • ਸ਼ੀਸ਼ੇ ਦੀ ਜੂਨ (**ਕਵਿਤਾ**) • ਕਿਥੋਂ ਆਉਂਦੀ ਕਵਿਤਾ (**ਕਵਿਤਾ**) • ਕਦੇ ਕਦਾਈਂ (**ਕਵਿਤਾ**) • ਘਰ ਘਰ (**ਕਵਿਤਾ**) • ਆਪਣੇ ਤੋਂ ਆਪਣੇ ਤਕ (**ਕਵਿਤਾ**) • ਕਦੇ ਤਾਂ ਮਿਲ ਜ਼ਿੰਦਗੀ (**ਕਵਿਤਾ**) • ਵਿਚਲਾ ਮੌਸਮ (**ਕਵਿਤਾ**) • ਘਰ ਘਰ ਤੇ ਘਰ (**ਕਵਿਤਾ**) • ਮਿੱਟੀ ਦੀ ਗੌਰਵ ਗਾਥਾ (**ਵਾਰਤਕ ਤੇ ਕਵਿਤਾ**) • ਮਨ ਦਾ ਮੌਸਮ (**ਕਵਿਤਾ**) • ਮਨ ਦਾ ਮੌਸਮ (**ਸ਼ਾਹਮੁਖੀ ਵਿਚ**) • ਜੜ੍ਹਾਂ ਦੇ ਵਿਚ ਵਿਚਾਲੇ (**ਵਾਰਤਕ**)

**ਅਨੁਵਾਦ**

ਖੰਭੜੀਆਂ (**ਹਿੰਦੀ ਕਵਿਤਾਵਾਂ ਦਾ ਪੰਜਾਬੀ ਅਨੁਵਾਦ**)
ਮਨੋਜ ਸ਼ਰਮਾ ਦੀਆਂ ਚੋਣਵੀ ਹਿੰਦੀ ਕਵਿਤਾ ਦਾ ਪੰਜਾਬੀ ਵਿਚ ਅਨੁਵਾਦ
ਮਨ ਦਾ ਪੰਛੀ (**ਅਨੁਵਾਦ, ਐੱਨ.ਬੀ.ਟੀ. ਲਈ ਹਿੰਦੀ ਬਾਲ ਪੁਸਤਕ ਦਾ ਪੰਜਾਬੀ ਵਿਚ ਅਨੁਵਾਦ**)

**ਸੰਪਾਦਨ**

ਲਾਰੰਸ ਆਫ਼ ਥਲੇਬੀਆ ਤੇ ਹੋਰ ਕਹਾਣੀਆਂ (**ਪਾਕਿਸਤਾਨੀ ਚੋਣਵੀਆਂ ਕਹਾਣੀਆਂ**)
ਮਿੱਟੀ ਦੇ ਵਣਜਾਰੇ (**ਕਿਸਾਨੀ ਕਵਿਤਾਵਾਂ, ਸੰਪਾ. ਅਰਤਿੰਦਰ ਸੰਧੂ, ਡਾ. ਮੋਹਨ ਸਿੰਘ ਤਿਆਗੀ**)
ਮੈਗ਼ਜ਼ੀਨ 'ਸਾਹਿਤਕ ਏਕਮ' ਦੀ 2012 ਤੋਂ ਨਿਰੰਤਰ ਸੰਪਾਦਨਾ

**ਅਰਤਿੰਦਰ ਸੰਧੂ 'ਤੇ ਹੋਇਆ ਅਨੁਵਾਦ/ਖੋਜ/ਆਲੋਚਨਾਤਮਕ ਕਾਰਜ**

ਅਰਤਿੰਦਰ ਸੰਧੂ ਦਾ ਕਾਵਿ-ਚਿੰਤਨ (ਡਾ. ਮੋਹਨ ਸਿੰਘ ਤਿਆਗੀ)
ਅਰਤਿੰਦਰ ਸੰਧੂ ਦਾ ਕਾਵਿ-ਸੰਸਾਰ (ਐੱਮ.ਫਿਲ. ਖੋਜ-ਨਿਬੰਧ, ਖੋਜਾਰਥੀ ਹਰਮੇਸ਼ ਕੁਮਾਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ 2019)
ਅਰਤਿੰਦਰ ਸੰਧੂ ਦੀ ਕਾਵਿ-ਕਲਾ (ਐੱਮ.ਫਿਲ ਖੋਜ ਨਿਬੰਧ, ਖੋਜਾਰਥਣ ਕੰਵਲਜੀਤ ਕੌਰ)
ਕਵਿਤਾ ਕੀ ਦਸਤਕ (**ਅਰਤਿੰਦਰ ਸੰਧੂ ਦੀ ਪੰਜਾਬੀ ਕਵਿਤਾ ਦਾ ਹਿੰਦੀ ਅਨੁਵਾਦ, ਅਨੁਵਾਦਕ : ਅਮੀਆ ਕੁੰਵਰ**)
ਖ਼ਾਮੋਸ਼ ਸਦੀ ਦੀ ਦਾਸਤਾਨ (**ਅਰਤਿੰਦਰ ਸੰਧੂ ਦੀ ਚੋਣਵੀਂ ਸ਼ਾਇਰੀ, ਸੰਪਾ. ਡਾ. ਮੋਹਨ ਤਿਆਗੀ**)
ਘਰ ਘਰ ਤੇ ਘਰ ਦੀਆਂ ਕਵਿਤਾਵਾਂ ਦਾ ਡਾ. ਜਸਵਿੰਦਰ ਕੌਰ ਬਿੰਦਰਾ ਵੱਲੋਂ ਹਿੰਦੀ ਵਿਚ ਅਨੁਵਾਦ

# ਚਾਨਣੀ ਦੇ ਦੇਸ ਵਿਚ

(ਅਰਤਿੰਦਰ ਸੰਧੂ ਦੀ ਚੋਣਵੀਂ ਪ੍ਰਗੀਤਕ ਕਵਿਤਾ)

ਸੰਪਾਦਕ
ਡਾ. ਮੋਹਨ ਸਿੰਘ ਤਿਆਗੀ

# Chanani De Desh Vich

*Edited by*

**Dr. Mohan Singh Tyagi**
Deptt. of Punjabi Literary Studies
Punjabi University, Patiala
Mob. 98144-79150
E-mail: tyagi28@yahoo.com

2023

Published by
Unistar Books Pvt. Ltd.
Printed & bound at
Printwell
146, Focal Point, Amritsar
email: unistarbooks@gmail.com
website: www.unistarbooks.com
Ph: +91-172-5027427, 5027429

© 2023

Produced and bound in India

***All rights reserved***

*This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means (electronic, mechanical, photo copying, recording or otherwise), without the prior written permission of both the copyright owner and the above-mentioned publisher of this book.*

•

**ਅਰਤਿੰਦਰ ਸੰਧੂ**

ਦੇ

**ਕਾਵਿ-ਸਫ਼ਰ**

ਦੇ ਨਾਮ

•

# ਤਤਕਰਾ

‘ਚਾਨਣੀ ਦੇ ਦੇਸ ਵਿਚ’ ਦੀ ਕਾਵਿ-ਮਹਿਮਾ 11
**-ਡਾ. ਮੋਹਨ ਸਿੰਘ ਤਿਆਗੀ**

ਚਾਨਣੀ ਦੇ ਦੇਸ ਵਿਚ 19
**-ਅਰਤਿੰਦਰ ਸੰਧੂ**

ਦਰਿਆ 23
ਮੇਰੇ ਗੀਤ ਰੋਕਦੇ ਨੇ ਮੈਨੂੰ 24
ਗੀਤਾਂ ਦੀ ਉਦਾਸ ਰੂਹੇ 26
ਸੋਚ ਦੀ ਡਾਚੀ ਤੂੰ ਸੁਣ 27
ਮੇਰੇ ਖ਼ਿਆਲੋ ਸੁਰ ਚੁਣੋ 29
ਮਨ ਦੀਏ ਭਰ ਭਰ ਵਗਦੀਏ ਨਦੀਏ 30
ਅੰਬਰ ਤੂੰ ਇਸ ਤਰ੍ਹਾਂ 32
ਖ਼ੁਦ ਤੋਂ ਬੇਦਖਲੀ ਦੇ ਪਲ ਵਿਚ 34
ਸੁਣ ਬੱਦਲੀਏ ਸਾਂਵਲੀਏ ਨੀ 36
ਇਸ ਸਾਵਣ ਨਾ ਆਈਂ 38
ਜਦੋਂ ਇਹ ਲੱਗ ਰਿਹਾ ਹੁੰਦਾ 40
ਕਦੇ ਕਦਾਈਂ 41
ਮਾਂ ਬੋਲੀਏ ਨੀ 43
ਜਿਸ ਸਾਵਣ ਨੂੰ ਤਾਂਘ ਰਹੇ ਹਾਂ 44
ਸੋਚ ਨਾ ਜਿੰਦ ਮੇਰੀਏ 46
ਲਾਈ ਜਾਹ ਜ਼ੋਰ ਜ਼ਿੰਦਗੀ 47
ਇੰਜ ਨਹੀਂ ਸਰਨਾ 48

ਹਰ ਇਕ ਰੁੱਤ 49
ਸ਼ਾਮ ਢਲੇ ਮਨ ਤਿੜਕੇ 50
ਘਰ ਮੁੜ ਆ 51
ਜ਼ਿੰਦਗੀ ਹੀਣਾ ਸਫ਼ਰ 52
ਅਸੀਂ ਰਾਹਾਂ ਵਿਚ ਖੜ੍ਹੇ ਰਹੇ 53
ਐਵੇਂ ਨਹੀਂ ਉਦਾਸ ਦਿਲ 55
ਮੇਰੇ ਗੀਤ! ਤੂੰ ਸ਼ਾਮ ਢਲੇ ਆਵੀਂ 56
ਚੱਲ ਜਿੰਦੇ ਅੱਜ ਢੂੰਡਣ ਚੱਲੀਏ 58
ਡਾਇਰੀ ਦੇ ਪੰਨੇ 60
ਚੱਲ ਨੀ ਜਿੰਦੇ ਰੇਤ ਫੋਲੀਏ 61
ਪੁੱਛਾਂ ਕਦੇ ਮੈਂ ਸ਼ਾਮ ਨੂੰ 63
ਚੁੱਪ 65
ਤਾਰਿਆ ਵੇ ਤਾਰਿਆ 67
ਚੰਦਾ ਕਦੇ ਧਰਤ 'ਤੇ ਆ ਜਾ 68
ਅੱਜ ਚਾਹਾਂ ਮੈਂ 70
ਤਾਰਿਆ ਤੇਰੀ ਲੋਏ ਲੋਏ 71
ਮੈਨੂੰ ਪੁੱਛਦੇ ਰਹਿੰਦੇ ਗੀਤ ਮੇਰੇ 73
ਰਾਤ ਦੀ ਕਾਲੀ ਗਹਿਰੀ ਛਾਵੇਂ 76
ਅੱਜ ਦਿਲ ਬੜਾ ਹੀ ਉਦਾਸ ਹੈ 79
ਸ਼ਾਮ ਦੀ ਸਰਦਲ 'ਤੇ 81
ਜਿੰਦ ਜਦ ਵੀ ਕੋਈ ਸਵਾਲ ਕਰੇ 83
ਮੇਰੇ ਨਾਮ ਦੇ ਪੰਨੇ ਖੋਲ੍ਹ ਜ਼ਰਾ 85
ਕੁਝ ਫੁੱਲ 87

ਡਾਚੀਆਂ ਦੀ ਡਾਰ 89
ਲੀਰਾਂ ਲੀਰਾਂ ਰਾਤ 90
ਐ ਮਨ ਜੋਗੀ 92
ਕਿਸੇ ਵੀ ਤਰ੍ਹਾਂ 94
ਇਕ ਇਕਹਿਰੀ ਸ਼ਾਮ 95
ਹੌਕਿਆਂ ਵਰਗੀ ਹਵਾ 97
ਦੱਸ ਜਿੰਦੜੀਏ! 98
ਉਸ ਦੇ ਖ਼ਿਆਲ 101
ਸ਼ੀਸ਼ਿਆਂ ਵਿਚ ਢਲ ਗਏ 103
ਗੀਤ ਨੂੰ ਸਰਾਪ ਹੈ 105
ਜ਼ਿੰਦਗੀ ਤੇਰੇ ਦਾਈਏ 107
ਸਾਹਾਂ ’ਚੋਂ ਆਈ ਹਵਾ 109
ਚਾਨਣੀ ਦੇ ਦੇਸ ਵਿਚ 111
ਸੋਚ ਦੀਏ ਡਾਚੀਏ 113
ਮੈਂ ਗ਼ਜ਼ਲ ਨਹੀਂ ਹਾਂ 116
ਸਾਂਵੇਂ ਸਾਂਵੇਂ ਤੁਰਦਿਆਂ 118
ਤੁਰ ਪਏ ਹਾਂ 119
ਕਿਹੜੀ ਲਿੱਪੀ ਵਿਚ ਲਿਖੀਏ 120
ਪਲਕਾਂ ਦੇ ਅੰਦਰਵਾਰ 121
ਸਾਹ ਦਾ ਸਮਾਨ ਗੁੰਮ ਹੈ 123
ਐ ਪੌਣ ਮੇਰੀ ਚੁੰਨੀ ਨਾ ਉਡਾ 124
ਠਹਿਰੇ ਹੋਏ ਪਲ 126
ਸੁਪਨੇ ਓ ਸੁਪਨੇ 128

ਦਿਨ ਢਲੇ ਜਦ ਚੰਨ ਚੜ੍ਹੇ 130
ਉਦਾਸੀ ਠੀਕ ਨਹੀਂ 132
ਠਹਿਰ ਜੋਗੀ 134
ਆ ਨਿਰਮੋਹੀਏ ਰੁੱਤੇ 135
ਕੱਚ ਦੇ ਇਸ ਕੋਟ ਦੇ ਧੁਰ ਅੰਦਰ 137
ਆਈ ਹੀ ਸੈਂ ਜੇ ਜ਼ਿੰਦਗੀ 139
ਪਲ ਸੀ ਜਿਹੜੇ ਡਲ੍ਹਕਦੇ 141
ਹਰ ਸ਼ਹਿਰ ਵਿਕਾਊ ਹੈ ਸੱਜਣਾਂ 143
ਸੱਚ ਜਿਹੇ ਆਪੇ ਨੂੰ 144
ਧਰਤੀ ਹੋਈ ਸੋਨਾ ਸੋਨਾ 145
ਕਾਲੀ ਘਟਾ 146
ਸ਼ੀਸ਼ੇ ਦੀ ਜੂਨ 147
ਜੋ ਵੀ ਬੋਲ ਦੇਈਂ 148
ਬਣ ਕੇ ਮਾਲੀ ਆਏ ਹਾਂ 151
ਕਦੇ ਮਿਲ ਮਨਾ ਦਿਆ ਮੌਸਮਾਂ 153
ਇਕ ਗੇੜਾ ਲਾਇਆ ਜਾਵੇ 155
ਇਕ ਜਿੰਦੜੀ ਦੇ ਦੋ ਯਾਰ 156
ਦੱਸ ਨੀ ਵਿਸਾਖੀਏ 158
ਹਵਾ ਦੀ ਰੂਹ ਪਿਆਸੀ ਉਨੀਂਦੀ ਏ ਹਾਲੇ 160

## 'ਚਾਨਣੀ ਦੇ ਦੇਸ ਵਿਚ' ਦੀ ਕਾਵਿ-ਮਹਿਮਾ

ਅਰਤਿੰਦਰ ਸੰਧੂ ਸਮਕਾਲੀ ਪੰਜਾਬੀ ਕਵਿਤਾ ਦੀ ਇਕ ਨਾਮਵਰ ਅਤੇ ਕੱਦਾਵਰ ਸ਼ਾਇਰਾ ਹੈ। ਉਸਨੇ ਆਪਣੀ ਨਿਰੰਤਰ ਕਾਵਿ ਸਿਰਜਣਾ ਰਾਹੀਂ ਪੰਜਾਬੀ ਕਵਿਤਾ ਦੇ ਖੇਤਰ ਵਿੱਚ ਬੜਾ ਨਿੱਗਰ ਯੋਗਦਾਨ ਪਾਇਆ ਹੈ। ਉਹ ਹੁਣ ਤੱਕ ਪੰਦਰਾਂ ਕਾਵਿ-ਸੰਗ੍ਰਹਿ ਪੰਜਾਬੀ ਮਾਂ ਬੋਲੀ ਦੀ ਝੋਲੀ ਵਿੱਚ ਪਾ ਚੁੱਕੀ ਹੈ। ਇਸਦੇ ਨਾਲ ਹੀ ਉਹ ਸੰਨ 2012 ਤੋਂ ਆਪਣੇ ਸਾਹਿਤਕ ਮੈਗਜ਼ੀਨ **ਏਕਮ** ਰਾਹੀਂ ਪੰਜਾਬੀ ਸਾਹਿਤ ਦੇ ਖੇਤਰ ਵਿੱਚ ਨਵੀਆਂ ਪੈੜਾਂ ਪਾ ਰਹੀ ਹੈ। ਅਰਤਿੰਦਰ ਸੰਧੂ ਇੱਕ ਬਹੁਪੱਖੀ ਸਖ਼ਸ਼ੀਅਤ ਹੈ। ਉਸਦੇ ਸਾਹਿਤਕ ਕਰਮ ਵਿੱਚੋਂ ਉਸਦੀ ਸਖ਼ਸ਼ੀਅਤ ਦੇ ਵੰਨ-ਸਵੰਨੇ ਰੰਗਾਂ ਨੂੰ ਮਹਿਸੂਸ ਕੀਤਾ ਜਾ ਸਕਦਾ ਹੈ। ਉਹ ਇੱਕ ਸੰਵੇਦਨਸ਼ੀਲ ਅਤੇ ਗੰਭੀਰ ਲੇਖਿਕਾ ਹੈ। ਉਸਨੇ ਇਸ ਗੱਲ ਦਾ ਪ੍ਰਮਾਣ ਆਪਣੀ ਵਾਰਤਾਕਾਰੀ, ਅਨੁਵਾਦ ਕਾਰਜਾਂ ਅਤੇ ਸਾਹਿਤ ਸੰਪਾਦਨਾ ਦੀ ਅਨੂਠੀ ਪਹੁੰਚ ਅਤੇ ਸਮਰੱਥਾ ਰਾਹੀਂ ਦਿੱਤਾ ਹੈ। ਜੇਕਰ ਅਰਤਿੰਦਰ ਸੰਧੂ ਦੀ ਹੁਣ ਤੱਕ ਦੀ ਸਾਹਿਤਕ ਯਾਤਰਾ ਵੱਲ ਇੱਕ ਨਜ਼ਰਸਾਨੀ ਕੀਤੀ ਜਾਵੇ ਤਾਂ ਅਰਤਿੰਦਰ ਸੰਧੂ ਇੱਕ ਵੱਖਰੀ ਸੁਰ ਅਤੇ ਨਿਵੇਕਲੇ ਮੁਹਾਂਦਰੇ ਵਾਲੀ ਲੇਖਿਕਾ ਦੇ ਰੂਪ ਵਿੱਚ ਉੱਭਰ ਕੇ ਸਾਹਮਣੇ ਆਉਂਦੀ ਹੈ। ਇਸੇ ਪ੍ਰਸੰਗ ਵਿੱਚ ਜੇਕਰ ਉਸਦੀ ਕਵਿਤਾ ਦੀ ਗੱਲ ਕੀਤੀ ਜਾਵੇ ਤਾਂ ਉਸਨੇ ਆਪਣੀ ਗਹਿਰੀ ਕਾਵਿ-ਸੰਵੇਦਨਾ ਅਤੇ ਵੱਖਰੀ ਕਾਵਿ-ਸ਼ੈਲੀ ਰਾਹੀਂ ਪੰਜਾਬੀ ਕਵਿਤਾ ਦੇ ਖੇਤਰ ਵਿੱਚ ਇੱਕ ਨਵਾਂ ਮੀਲ ਪੱਥਰ ਸਥਾਪਿਤ ਕੀਤਾ ਹੈ। ਉਸਦੀ ਕਵਿਤਾ ਪੜਾਅ ਦਰ ਪੜਾਅ ਜਿਵੇਂ-ਜਿਵੇਂ ਅੱਗੇ ਵਧਦੀ ਜਾਂਦੀ ਹੈ, ਉਸਦੀ ਸੁਰ ਹੋਰ ਵੀ ਗਹਿਰੀ ਅਤੇ ਗੰਭੀਰ ਹੁੰਦੀ ਜਾਂਦੀ ਹੈ। ਇਹ ਕਵਿਤਾ ਬਹੁਤੀ ਵਾਦ-ਸੰਵਾਦ ਦੇ ਚੱਕਰ ਵਿੱਚ ਨਹੀਂ ਪੈਂਦੀ। ਇਸ ਵਿੱਚ ਮਨੁੱਖ ਦੇ ਭਾਵ ਸੰਸਾਰ ਅਤੇ ਅਵਚੇਤਨੀ ਪ੍ਰਵਾਹ ਦੀ ਇੱਕ ਮੁਕੰਮਲ ਤਸਵੀਰ ਉੱਭਰਦੀ ਦਿਖਾਈ ਦਿੰਦੀ ਹੈ। ਸ਼ਾਇਰਾ ਆਪਣੇ ਆਲੇ ਦੁਆਲੇ ਦੇ ਜਿਹੜੇ ਵੀ ਵਰਤਾਰੇ ਨੂੰ ਹੱਥ ਪਾਉਂਦੀ ਹੈ, ਉਹ ਇਸਨੂੰ ਬੌਧਿਕ ਅਤੇ ਭਾਵਾਤਮਕ ਪੱਧਰ ਤੇ ਪ੍ਰੀਭਾਸ਼ਤ ਕਰਨ ਦਾ ਯਤਨ ਕਰਦੀ ਹੈ। ਉਸਨੇ ਵਿਧਾਗਤ ਨੇਮਾਂ ਪੱਖੋਂ ਜ਼ਿਆਦਾਤਰ ਖੁੱਲ੍ਹੀ ਕਵਿਤਾ ਅਤੇ ਪ੍ਰਗੀਤਕ ਸ਼ਾਇਰੀ ਨੂੰ ਅਪਣਾਇਆ ਹੈ। ਇਸ ਤਰ੍ਹਾਂ ਇੱਕ ਪਾਸੇ ਕਵਿਤਾ ਦੀ ਵੇਗਮਈ ਰਵਾਨੀ ਨੂੰ ਖੁੱਲ੍ਹਾ ਛੱਡ ਦੇਣਾ ਤੇ ਨਾਲ ਹੀ ਦੂਜੇ ਪਾਸੇ ਕਵਿਤਾ ਨੂੰ ਪ੍ਰਗੀਤਕ ਵਿਧੀ ਵਿਧਾਨ ਵਿੱਚ ਸੁਰਬੱਧ ਕਰਕੇ ਢਾਲਣਾ ਸਾਹਿਤਕ ਨੇਮਾਂ ਪੱਖੋਂ ਵੱਖਰੇ-ਵੱਖਰੇ ਕਾਰਜ ਹਨ, ਜਿਨ੍ਹਾਂ ਨੂੰ ਅਰਤਿੰਦਰ ਸੰਧੂ ਨੇ ਬਹੁਤ ਹੀ ਕਲਾਤਮਕ ਅਤੇ ਵਿਧੀਵਤ

ਢੰਗ ਨਾਲ ਨਿਭਾਇਆ ਹੈ। ਕਲਾ ਦਾ ਅਜਿਹਾ ਸੰਤੁਲਨ, ਸੂਝ ਅਤੇ ਨਿਰਮਾਣਕਾਰੀ ਬਹੁਤ ਘੱਟ ਲੇਖਕਾਂ ਵਿੱਚ ਦੇਖਣ ਨੂੰ ਮਿਲਦੀ ਹੈ। ਇਹ ਚੀਜ਼ਾਂ ਸਾਡੇ ਮਨ ਵਿੱਚ ਤਟ ਫਟ ਜਾਂ ਇਕਦਮ ਹੀ ਪੈਦਾ ਨਹੀਂ ਹੁੰਦੀਆਂ। ਇਨ੍ਹਾਂ ਵਡੇਰੇ ਕਾਰਜਾਂ ਲਈ ਗਹਿਰੇ ਜੀਵਨ ਅਨੁਭਵ, ਅਭਿਆਸ, ਜਿਗਿਆਸਾ ਅਤੇ ਲੰਮੀ ਸਾਧਨਾ ਦੀ ਜਰੂਰਤ ਹੁੰਦੀ ਹੈ। ਇਹ ਮਾਣ ਅਤੇ ਦ੍ਰਿਸ਼ਟੀ ਇਸ ਸ਼ਾਇਰਾ ਨੂੰ ਆਪਣੇ ਵਿਰਸੇ ਵਿੱਚੋਂ ਮਿਲੇ ਹਨ। ਉਹ ਕਿਸੇ ਵੀ ਵਿਧਾ ਵਿੱਚ ਰਚਨਾਕਾਰੀ ਕਰ ਰਹੀ ਹੋਵੇ, ਉਸਦੀ ਰਚਨਾਕਾਰੀ ਵਿੱਚੋਂ ਮਾਨਵੀ ਜੀਵਨ ਦੇ ਵਿਭਿੰਨ ਸੂਖ਼ਮ ਪਾਸਾਰਾਂ, ਦ੍ਰਿਸ਼ਟੀਗਤ ਅਕੀਦਿਆਂ ਅਤੇ ਗਹਿਨ ਸਮਾਜਿਕ ਸੰਕਲਪਾਂ ਦੇ ਦੀਦਾਰ ਹੁੰਦੇ ਹਨ। ਉਹ ਬਣੇ ਬਣਾਏ ਸਾਹਿਤਕ ਚੌਖਟਿਆਂ ਦਰਮਿਆਨ ਰਚਨਾਕਾਰੀ ਨਹੀਂ ਕਰਦੀ ਸਗੋਂ ਉਸਦੇ ਵਿਸ਼ਾਲ ਅਤੇ ਡੂੰਘੇ ਅਨੁਭਵ ਵਿੱਚੋਂ ਗੁਜ਼ਰਕੇ ਹੀ ਕੋਮਲ ਅਹਿਸਾਸ ਅਤੇ ਖ਼ਿਆਲ ਖ਼ੂਬਸੂਰਤ ਅਤੇ ਮਾਰਮਿਕ ਕਵਿਤਾ ਵਿੱਚ ਢਲਦੇ ਹਨ। ਉਹ ਆਪਣੀ ਗੱਲ ਜੜ੍ਹਾਂ ਦੇ ਫ਼ਿਕਰ ਨਾਲ ਸ਼ੁਰੂ ਕਰਦੀ ਹੈ ਅਤੇ ਨਾਲ ਹੀ ਆਪਣੇ ਗੌਰਵਮਈ ਇਤਿਹਾਸ, ਸ਼ਹਾਦਤੀ ਸੰਕਲਪਾਂ ਅਤੇ ਵਿਰਸੇ ਦੇ ਸਮਰਣ ਰਾਹੀਂ ਮਨੁੱਖ ਨੂੰ ਇਸ ਭ੍ਰਾਂਤੀਆਂ ਦੇ ਯੁੱਗ ਵਿੱਚ ਕੋਈ ਸਾਰਥਿਕ ਸੁਨੇਹਾ ਦੇਣ ਦਾ ਯਤਨ ਕਰਦੀ ਹੈ। ਇਹੀ ਤੱਥ ਉਸਦੀ ਕਵਿਤਾ ਦੀ ਸ਼ਕਤੀਸ਼ਾਲੀ ਆਧਾਰਸ਼ਿਲਾ ਵੀ ਬਣਦਾ ਹੈ।

ਅਰਤਿੰਦਰ ਸੰਧੂ ਦੀ ਕਵਿਤਾ ਦਾ ਇੱਕ ਹੋਰ ਹਾਸਿਲ ਇਹ ਹੈ ਕਿ ਇਹ ਕਵਿਤਾ ਇੱਕ ਬੱਝਵੇਂ ਪ੍ਰਭਾਵ ਦੇ ਰੂਪ ਵਿੱਚ ਖਤਮ ਹੋਣ ਉਪਰੰਤ ਆਪਣੇ ਪਿੱਛੇ ਬੜਾ ਕੁੱਝ ਸੋਚ ਵਿਚਾਰਨ ਹਿੱਤ ਛੱਡ ਦਿੰਦੀ ਹੈ। ਉਦੋਂ ਇਹ ਕਵਿਤਾ ਪਾਠਕ ਨੂੰ ਆਪਣੇ ਭਾਵ ਸੰਸਾਰ ਨਾਲ ਜੋੜਦੀ ਹੋਈ ਆਪਣੀ ਗਹਿਰੀ ਕਾਵਿਕਤਾ ਦੇ ਅਹਿਸਾਸ ਨਾਲ ਭਰ ਦਿੰਦੀ ਹੈ। ਉਸਦਾ ਇਹ ਕਾਵਿ ਸੰਸਾਰ ਪਾਠਕ ਵਿੱਚ ਕੇਵਲ ਸੁਹਜ-ਸੰਵੇਦਨਾ ਦਾ ਸੰਚਾਰ ਹੀ ਨਹੀਂ ਕਰਦਾ ਸਗੋਂ ਉਸਨੂੰ ਆਲੇ-ਦੁਆਲੇ ਘਟ ਰਹੇ ਵਰਤਾਰਿਆਂ ਪ੍ਰਤੀ ਸੋਚਣ ਲਈ ਬੇਚੈਨ ਵੀ ਕਰਦਾ ਹੈ। ਅਰਤਿੰਦਰ ਸੰਧੂ ਦਾ ਕਾਵਿ ਸੰਸਾਰ ਜਿਨਾਂ ਅੰਤਰੀਵੀ ਪੱਧਰ ਤੇ ਸੰਵੇਦਨਸ਼ੀਲ ਹੈ, ਉਸ ਤੋਂ ਕਿਤੇ ਵਧੇਰੇ ਇਸ ਵਿੱਚ ਸਮਾਜਿਕ ਪ੍ਰਤੀਬੱਧਤਾ ਦਾ ਸੰਕਲਪ ਕਾਰਜਸ਼ੀਲ ਰਹਿੰਦਾ ਹੈ। ਅਰਤਿੰਦਰ ਸੰਧੂ ਮਨੁੱਖ ਮਨ ਦੇ ਭਾਵਬੋਧ ਦੇ ਨਾਲ-ਨਾਲ ਮਹੱਤਵਪੂਰਨ ਸਮਾਜਿਕ ਸਰੋਕਾਰਾਂ ਪ੍ਰਤੀ ਵੀ ਬੜੀ ਗੰਭੀਰ ਪਹੁੰਚ ਰੱਖਦੀ ਹੈ। ਇਹ ਮਸਲੇ ਉਸਦੀ ਕਵਿਤਾ ਵਿੱਚ ਰਾਜਨੀਤਕ ਭ੍ਰਿਸ਼ਟਾਚਾਰ, ਕਿਸਾਨੀ ਦੇ ਆਰਥਿਕ ਸੰਕਟ, ਵਾਤਾਵਰਨ ਦੀ ਤਬਾਹੀ, ਮਨੁੱਖ ਦੀ ਖਪਤਵਾਦੀ ਪ੍ਰਵਿਰਤੀ, ਪਰਵਾਸ ਦੇ ਹਿਜ਼ਰਤੀ ਵਰਤਾਰੇ ਅਤੇ ਆਏ ਦਿਨ ਆਪਣੀਆਂ ਜੜ੍ਹਾਂ ਤੋਂ ਵਿਰਵੇ ਹੋ ਰਹੇ ਅਜੋਕੇ ਮਨੁੱਖ ਦੀ ਤ੍ਰਾਸਦੀ ਦੇ ਰੂਪ ਵਿੱਚ ਉੱਭਰਦੇ ਦਿਖਾਈ ਦਿੰਦੇ ਹਨ। ਇਹ ਕਵਿਤਾ ਇਨ੍ਹਾਂ ਮਾਨਵ ਵਿਰੋਧੀ ਵਰਤਾਰਿਆਂ ਨੂੰ ਚਿਤਰਦੀ ਹੋਈ ਕਿਤੇ ਵੀ ਉੱਚੀ ਸੁਰ ਅਖਤਿਆਰ ਨਹੀਂ ਕਰਦੀ ਸਗੋਂ ਆਪਣੀ ਗੱਲ ਗਹਿਰੀ ਕਾਵਿਕਤਾ ਅਤੇ ਸਹਿਜ ਢੰਗ ਨਾਲ ਕਰਨ ਦਾ ਯਤਨ ਕਰਦੀ ਹੈ। ਉਹ ਨਾਰੀ ਮਨ ਦੀਆਂ

ਭਾਵਨਾਵਾਂ, ਰੀਝਾਂ, ਸੁਪਨਿਆਂ, ਅਕਾਂਖਿਆਵਾਂ ਅਤੇ ਅੰਤਰਦਵੰਦਾਂ ਨੂੰ ਕੁਦਰਤੀ ਵਰਤਾਰਿਆਂ ਦੇ ਗੁੱਝੇ ਰਹੱਸਾਂ ਰਾਹੀਂ ਪ੍ਰਗਟਾਉਣ ਦੀ ਅਜਬ ਸਮਰੱਥਾ ਰੱਖਦੀ ਹੈ। ਉਹ ਜਿੱਥੇ ਕੁਦਰਤ ਦੇ ਖ਼ੂਬਸੂਰਤ ਵਰਤਾਰਿਆਂ ਨੂੰ ਬੜੀ ਗਹਿਰੀ ਕਾਵਿ ਸੰਵੇਦਨਾ ਰਾਹੀਂ ਉਲੀਕਣ ਦਾ ਯਤਨ ਕਰਦੀ ਹੈ, ਉਸਦੇ ਨਾਲ ਹੀ ਇਸਦੇ ਵਿਕਰਾਲ ਰੰਗਾਂ ਅਤੇ ਰੂਪਾਂ ਨੂੰ ਵੀ ਪ੍ਰਗਟਾਉਣ ਦੀ ਸਮਰੱਥਾ ਵੀ ਰੱਖਦੀ ਹੈ। ਅਰਤਿੰਦਰ ਸੰਧੂ ਦੀ ਕਵਿਤਾ ਨਾਰੀ ਦਮਨ ਦੇ ਵੱਖ੍ਵੱਖ ਵਰਤਾਰਿਆਂ ਨੂੰ ਇਤਿਹਾਸਕ ਪ੍ਰਸਥਿਤੀਆਂ ਵਿੱਚ ਰੱਖ ਕੇ ਵਾਚਦੀ ਹੋਈ ਉਸਦੀ ਹੋਂਦ ਨਾਲ ਜੁੜੇ ਪਰੰਪਰਿਕ ਚੌਖਟਿਆਂ, ਮਿੱਥਾਂ ਅਤੇ ਰੂੜ੍ਹੀਆਂ ਨੂੰ ਅਜੋਕੇ ਪ੍ਰਸੰਗ ਵਿੱਚ ਮੁੜ ਤੋਂ ਪ੍ਰੀਭਾਸ਼ਤ ਕਰਨ ਲਈ ਯਤਨਸ਼ੀਲ ਹੈ। ਉਸਦੀ ਕਵਿਤਾ ਦਾ ਇਹ ਹਾਸਿਲ ਹੈ ਕਿ ਇਹ ਕਵਿਤਾ ਔਰਤ ਦੀ ਹੋਂਦ ਨਾਲ ਜੁੜੇ ਦਮਨਮੂਲਕ ਵਰਤਾਰਿਆਂ ਨੂੰ ਰੈਟਰਿਕ ਸੁਰ ਵਿੱਚ ਨਹੀਂ ਬਿਆਨਦੀ ਸਗੋਂ ਇਨ੍ਹਾਂ ਵਰਤਾਰਿਆਂ ਨੂੰ ਚੇਤਨਾ ਦੀ ਸ਼ਕਤੀਸ਼ਾਲੀ ਭਾਸ਼ਾ ਵਿੱਚ ਨਜਿੱਠਣ ਦਾ ਕਾਵਿ੍ਪ੍ਰਵਚਨ ਵੀ ਸਿਰਜਦੀ ਹੈ। ਉਦੋਂ ਇਹ ਕਵਿਤਾ ਔਰਤ ਦੇ ਸੁਪਨਮਈ ਸੰਸਾਰ ਅਤੇ ਪਿੱਤਰੀ ਸੱਤਾ ਵਿਚਲੇ ਟਕਰਾਵਾਂ ਅਤੇ ਅੰਤਰ ਵਿਰੋਧਾਂ ਨੂੰ ਬਹੁਤ ਹੀ ਮਾਰਮਿਕ ਭਾਸ਼ਾ ਵਿੱਚ ਬਿਆਨ ਕਰਦੀ ਹੋਈ ਇੱਕ ਨਵਾਂ ਸੰਵਾਦ ਛੇੜਦੀ ਹੈ। ਇਹ ਤੱਥ ਇਸ ਕਵਿਤਾ ਨੂੰ ਅਨੋਖੀ ਗਤੀ ਅਤੇ ਜਲੌਅ ਪ੍ਰਦਾਨ ਕਰਦਾ ਹੈ। ਜੇਕਰ ਇਸ ਸੰਦਰਭ ਵਿੱਚ ਅਰਤਿੰਦਰ ਸੰਧੂ ਦੀ ਹਥਲੀ ਕਾਵਿ ਪੁਸਤਕ **ਚਾਨਣੀ ਦੇ ਦੇਸ ਵਿਚ** ਦੀ ਗੱਲ ਕੀਤੀ ਜਾਵੇ ਤਾਂ ਅਰਤਿੰਦਰ ਸੰਧੂ ਦੀ ਇਹ ਚੌਣਵੀਂ ਪ੍ਰਗੀਤਕ ਕਵਿਤਾ ਦੀ ਕਾਵਿ ਪੁਸਤਕ ਪੰਜਾਬੀ ਕਵਿਤਾ ਦੇ ਖੇਤਰ ਵਿੱਚ ਇੱਕ ਮਹੱਤਵਪੂਰਨ ਦਸਤਾਵੇਜ਼ ਸਾਬਿਤ ਹੁੰਦੀ ਹੈ। ਇਸ ਕਵਿਤਾ ਨੂੰ ਜਿੱਥੇ ਇੱਕ ਵਿਉਂਤਬੱਧ ਢੰਗ ਨਾਲ ਤਰਤੀਬ ਦਿੱਤੀ ਗਈ ਹੈ, ਉਸਦੇ ਨਾਲ ਹੀ ਇਸਦੀ ਸਮਕਾਲ ਨਾਲ ਪ੍ਰਵਚਨੀ ਸੁਰ ਨੂੰ ਵੀ ਅਗਰਭੂਮੀ ਵਿੱਚ ਲਿਆਉਣ ਦਾ ਯਤਨ ਕੀਤਾ ਗਿਆ ਹੈ। ਅਰਤਿੰਦਰ ਸੰਧੂ ਪੰਜਾਬੀ ਕਵਿਤਾ ਦੀ ਇੱਕ ਸੂਖ਼ਮ ਅਤੇ ਕੋਮਲ ਬਿਰਤੀ ਵਾਲੀ ਸ਼ਾਇਰਾ ਹੈ। ਉਸਨੇ ਖੁੱਲ੍ਹੀ ਕਵਿਤਾ ਦੀ ਵੰਗਾਰਮਈ ਵਿਧਾ ਦੇ ਨਾਲ-ਨਾਲ ਪ੍ਰਗੀਤਕ ਸ਼ਾਇਰੀ ਨੂੰ ਵੀ ਆਪਣੇ ਵੇਗਮਈ ਜਜ਼ਬਿਆਂ ਦੀ ਅਭਿਵਿਅਕਤੀ ਲਈ ਭਾਵਪੂਰਤ ਢੰਗ ਨਾਲ ਵਰਤਣ ਦੀ ਪਹਿਲਕਦਮੀ ਵੀ ਕੀਤੀ ਹੈ। ਇਹ ਕਵਿਤਾ ਜਿੱਥੇ ਪੰਜਾਬੀ ਕਵਿਤਾ ਦੇ ਛੰਦ ਵਿਧਾਨ ਅਨੁਸਾਰ ਨਿਰਮਿਤ ਕੀਤੀ ਗਈ ਹੈ, ਉਸਦੇ ਨਾਲ ਹੀ ਮਾਨਵੀ ਸਰੋਕਾਰਾਂ ਪੱਖੋਂ ਵੀ ਵਿਸ਼ੇਸ਼ ਤੌਰ ਤੇ ਗ਼ੌਲਣਯੋਗ ਹੈ। ਇਸ ਵਿੱਚ ਮਨੁੱਖ ਦਾ ਭਾਵ ਸੰਸਾਰ ਗਹਿਰੀ ਕਾਵਿ ਸੰਵੇਦਨਾ ਅਤੇ ਸੰਗੀਤਕ ਸੁਰਾਂ ਦੇ ਰੂਪ ਵਿੱਚ ਰੂਪਾਂਤਰਿਤ ਹੋ ਕੇ ਖ਼ੂਬਸੂਰਤ ਕਵਿਤਾ ਦੇ ਮਾਧਿਅਮ ਰਾਹੀਂ ਪੇਸ਼ ਹੁੰਦਾ ਹੈ। ਇਸ ਕਵਿਤਾ ਵਿੱਚ ਮਨੁੱਖ ਦੇ ਸੁਪਨੇ, ਭਾਵਨਾਵਾਂ, ਜਿੱਤਾਂ-ਹਾਰਾਂ ਅਤੇ ਦਰਪੇਸ਼ ਚੁਣੌਤੀਆਂ ਪ੍ਰਗੀਤਕ ਸੁਰ ਵਿੱਚ ਪ੍ਰਵਾਹਿਤ ਹੋ ਕੇ ਸਾਡੇ ਲਹੂ ਵਿੱਚ ਅਜਬ ਸੰਗੀਤ ਪੈਦਾ ਕਰਦੀਆਂ ਹਨ। ਇਹ ਸਰੋਦੀ ਮਨੋਭਾਵ ਕੇਵਲ ਅਰਤਿੰਦਰ

ਸੰਧੂ ਦੇ ਨਿੱਜ ਦੀ ਬਾਤ ਨਹੀਂ ਪਾਉਂਦੇ, ਸਗੋਂ ਸਾਡੇ ਚੌਗਿਰਦੇ ਦੇ ਇੱਕ ਸਾਂਝੇ ਨਗਮੇ ਂ ਦੇ ਰੂਪ ਵਿੱਚ ਪ੍ਰਵਾਹਮਾਨ ਹੁੰਦੇ ਹਨ। ਇਨ੍ਹਾਂ ਕਵਿਤਾਵਾਂ ਦੀ ਸਾਹਿਤਕ ਪ੍ਰਸੰਗਿਕਤਾ ਕੇਵਲ ਇਨ੍ਹਾਂ ਦੇ ਸਰੋਦੀ ਤੱਤ ਕਾਰਨ ਹੀ ਨਹੀਂ ਹੈ, ਸਗੋਂ ਇਸ ਕਵਿਤਾ ਦੇ ਸੱਭਿਆਚਾਰਕ ਅਤੇ ਲੋਕਧਾਰਾਈ ਸਰੂਪ ਅਤੇ ਮੁਹਾਵਰੇ ਵਿੱਚ ਪਈ ਹੋਈ ਹੈ। ਇਨ੍ਹਾਂ ਲੈਅ ਬੱਧ ਕਵਿਤਾਵਾਂ ਵਿੱਚ ਸਾਡੇ ਆਲੇ-ਦੁਆਲੇ ਦਾ ਇੱਕ ਪੂਰਾ ਜੀਵਨ ਧੜਕਦਾ ਦਿਖਾਈ ਦਿੰਦਾ ਹੈ। ਮਾਨਵੀ ਜੀਵਨ ਦੀ ਇਹ ਜੀਵੰਤ ਤਸਵੀਰ ਇਸ ਕਵਿਤਾ ਨੂੰ ਮਾਨਣਯੋਗ ਅਤੇ ਅਰਥਪੂਰਨ ਬਣਾ ਦਿੰਦੀ ਹੈ। ਅਰਤਿੰਦਰ ਸੰਧੂ ਆਪਣੀ ਗੱਲ ਪ੍ਰਾਕ੍ਰਿਤਕ ਵਰਤਾਰਿਆਂ ਤੋਂ ਸ਼ੁਰੂ ਕਰਦੀ ਹੈ ਤੇ ਇਨ੍ਹਾਂ ਕੁਦਰਤੀ ਵਰਤਾਰਿਆਂ ਨੂੰ ਆਪਣੇ ਮਨ ਦੇ ਮੌਸਮ ਨਾਲ ਮੇਲਦੀ ਹੋਈ ਮਨੁੱਖੀ ਜੀਵਨ ਦੀਆਂ ਤਲਖ਼ੀਆਂ, ਦੁਸ਼ਵਾਰੀਆਂ ਅਤੇ ਵੰਗਾਰਾਂ ਨਾਲ ਸੰਵਾਦ ਦੇ ਰਾਹ ਪੈਂਦੀ ਹੈ। ਹਵਾਲੇ ਵੱਜੋਂ ਉਸਦੀ ਇਹ ਕਵਿਤਾ ਵਾਚਣਯੋਗ ਹੈ:—

ਸੁਣ ਬੱਦਲੀਏ ਸਾਂਵਲੀਏ ਨੀ
ਏਸ ਨਗਰ ਰੁਕ ਜਾਹ
ਸਾਡੇ ਰੁਸ ਗਏ ਸਾਵਣ ਨੂੰ
ਕਿਤਿਓਂ ਮੋੜ ਲਿਆ

ਏਸ ਨਗਰ ਦੀ ਰੀਤ ਨਿਰਾਲੀ
ਜੀਣ ਦਾ ਕਾਲ ਪਿਆ
ਹਰ ਇੱਕ ਮੋੜ 'ਤੇ ਮੌਤ ਦਾ ਪਹਿਰਾ
ਬੰਦੇ ਜਾਂਦੀ ਖਾ
ਇਸਦੇ ਸਭ ਪਰਛਾਵੇਂ ਪੈੜਾਂ
ਧੋਂਦੀ-ਧੋਂਦੀ ਜਾਹ
ਧਰਤੀ ਦੇ ਤਪਦੇ ਹਿਰਦੇ 'ਤੇ
ਛਮ-ਛਮ ਕਣੀਆਂ ਪਾ..ਸੁਣ ਬੱਦਲੀਏ (**ਚਾਨਣੀ ਦੇ ਦੇਸ ਵਿਚ**, ਪੰਨਾ 16)

ਇਸ ਤਰ੍ਹਾਂ ਇਹ ਕਵਿਤਾ ਰੁੱਤਾਂ, ਥਿੱਤਾਂ, ਘੜੀਆਂ, ਪ੍ਰਾਕ੍ਰਿਤਕ ਵਰਤਾਰਿਆਂ ਅਤੇ ਮੌਸਮਾਂ ਦੇ ਸਦੀਵੀ ਕਾਲ ਚੱਕਰ ਰਾਹੀਂ ਮਨੁੱਖ ਦੇ ਅੰਤਰੀਵੀ ਜਗਤ ਦੀਆਂ ਧੁੱਪਾਂ ਛਾਵਾਂ ਦੀ ਕਾਵਿ ਕਥਾ ਨੂੰ ਚਿਤਰਤ ਕਰਦੀ ਹੋਈ ਇੱਕ ਮਨੁੱਖ ਤੋਂ ਦੂਜੇ ਮਨੁੱਖ ਤੱਕ ਆਪਣੀ ਪਹੁੰਚ ਬਣਾਉਣ ਲਈ ਯਤਨਸ਼ੀਲ ਹੈ। ਇਹ ਕਵਿਤਾ ਆਪਣੀ ਗੱਲ ਆਤਮ੍ਸੰਵਾਦ ਤੋਂ ਸ਼ੁਰੂ ਕਰਦੀ ਹੈ ਅਤੇ ਹੌਲ਼ੀ-ਹੌਲ਼ੀ ਇਹ ਸੰਵਾਦ ਨਿੱਜ ਤੋਂ ਪਾਰ ਵੱਲ ਫ਼ੈਲਦਾ ਹੋਇਆ ਜਮਾਤੀ ਸੰਘਰਸ਼ ਵਿੱਚ ਪਰਿਵਰਤਿਤ ਹੋ ਜਾਂਦਾ ਹੈ, ਜਿੱਥੋਂ

ਇਹ ਕਵਿਤਾ ਸੰਘਰਸ਼ਸ਼ੀਲ ਲੋਕਾਈ ਦੀ ਪ੍ਰਤੀਨਿੱਧਤਾ ਕਰਦੀ ਹੋਈ, ਉਸਦੇ ਸੁਪਨਿਆਂ, ਉਮੰਗਾਂ ਅਤੇ ਸਮਾਜਿਕ ਮਸਲਿਆਂ ਦੀ ਉਲਝੀ ਹੋਈ ਤੰਦ ਤਾਣੀ ਨੂੰ ਸੁਲਝਾਉਣ ਦੀ ਗੱਲ ਕਰਦੀ ਹੈ। ਇਸ ਕਵਿਤਾ ਵਿੱਚ 'ਸਾਵਣ' ਮਹੀਨੇ ਦਾ ਚਿਹਨ ਜੀਵਨ ਰੂਪੀ ਊਰਜਾ ਅਤੇ ਉਮਾਹ ਦੇ ਰੂਪ ਵਿੱਚ ਪੇਸ਼ ਹੁੰਦਾ ਹੈ। ਰੁੱਤਾਂ ਦੀ ਲਗਾਤਾਰਤਾ ਅਤੇ ਨਿਰੰਤਰਤਾ ਦੀ ਲੜੀ ਵਿੱਚ ਸਾਵਣ ਇੱਕ ਅਜਿਹਾ ਉਮੰਗਾਂ ਭਰਿਆ ਮਹੀਨਾ ਹੈ, ਜਿਸ ਦੀ ਆਮਦ ਨਾਲ ਮਨੁੱਖੀ ਮਨ ਵਿੱਚ ਅਤੇ ਧਰਤੀ ਦੀ ਹਿੱਕ ਤੇ ਨਵੇਂ ਅੰਕੁਰ ਫੁੱਟਦੇ ਹਨ। ਇੱਥੇ ਸ਼ਾਇਰਾ ਦੁਆਰਾ ਇਸ ਮਹੀਨੇ ਦੀ ਆਮਦ ਉਪਰੰਤ ਆਪਣੇ ਮਨ ਵਿੱਚ ਪਸਰੇ, ਵੈਰਾਗ, ਉਦਾਸੀ ਅਤੇ ਸੁਪਨਿਆਂ ਦੀ ਗੱਲ ਕਰਨਾ ਆਪਣੇ ਮਨ ਦੀ ਚਾਹਤ ਨੂੰ ਪ੍ਰਗਟ ਕਰਨਾ ਹੈ। ਉਸਦਾ ਇਹ ਸਵਾਲ ਕਿਸੇ ਹੋਰ ਨੂੰ ਨਹੀਂ ਸਗੋਂ ਸਾਡੇ ਜਰਜਰੇ ਰਾਜਨੀਤਕ ਪ੍ਰਬੰਧ ਨੂੰ ਹੈ, ਜਿਹੜਾ ਕਿ ਮਨੁੱਖੀ ਜੀਵਨ ਦੇ ਹਰ ਖ਼ਿੱਤੇ ਵਿੱਚ ਦਮਨਕਾਰੀ ਪਹੁੰਚ ਨੂੰ ਅਪਣਾਉਂਦਾ ਹੈ। ਇਹ ਵਿਵਸਥਾ ਮਨੁੱਖ ਨੂੰ ਸੰਤੁਲਿਤ ਢੰਗ ਨਾਲ ਵਿਕਸਤ ਹੋਣ ਅਤੇ ਅਗਾਂਹ ਵੱਧਣ ਤੋਂ ਰੋਕਦੀ ਹੈ। ਇਹ ਲਗਾਤਾਰ ਮਨੁੱਖ ਨੂੰ ਕੱਟਣ ਵੱਢਣ ਅਤੇ ਛਾਂਗਣ ਤੇ ਲੱਗੀ ਰਹਿੰਦੀ ਹੈ। ਸ਼ਾਇਰਾ ਇਸ ਸ਼ੋਸ਼ਣੀ ਅਤੇ ਦਮਨਮੂਲਕ ਵਿਵਸਥਾ ਅੱਗੇ ਕਈ ਤਰ੍ਹਾਂ ਦੇ ਸਵਾਲ ਖੜ੍ਹੇ ਕਰਦੀ ਹੋਈ ਇੱਕ ਸਧਾਰਨ ਮਨੁੱਖ ਦੇ ਜੀਵਨ ਵਿੱਚ ਪਸਰੇ ਸੰਕਟਾਂ, ਤਣਾਵਾਂ ਅਤੇ ਝੋਰਿਆਂ ਦੀ ਗੱਲ ਕਰਦੀ ਹੈ। ਕਵਿਤਾ ਦੀ ਇਹ ਇੱਕ ਸਾਰਥਿਕ ਵਿਧੀ ਹੈ, ਜਿਹੜੀ ਕਿ ਸੰਵਾਦ ਨੂੰ ਨਿੱਜ ਤੋਂ ਅਗਾਂਹ ਤੋਰਦੀ ਹੋਈ ਇਸਨੂੰ ਸਰਵਵਿਆਪੀ ਸਰੂਪ ਪ੍ਰਦਾਨ ਕਰਦੀ ਹੈ। ਇਸੇ ਪ੍ਰਸੰਗ ਵਿੱਚ 'ਸਾਵਣ' ਅਰਤਿੰਦਰ ਸੰਧੂ ਦੀ ਕਵਿਤਾ ਵਿੱਚ ਜੀਵਨ ਦੀ ਮੁੱਖ ਪ੍ਰੇਰਕ ਸ਼ਕਤੀ ਦੇ ਰੂਪ ਵਿੱਚ ਕਾਰਜਸ਼ੀਲ ਹੁੰਦਾ ਹੈ:—

ਜਿਸ ਸਾਵਣ ਨੂੰ ਤਾਂਘ ਰਹੇ ਹਾਂ
ਉਹ ਸਾਵਣ ਕਦੇ ਆਵੇਗਾ
ਧਰਤੀ 'ਤੇ ਜੀਂਦਾ ਹਰ ਬੰਦਾ
ਮਨ ਅੰਦਰੋਂ ਮੁਸਕਰਾਏਗਾ

ਆਸਾਂ ਨੂੰ ਜਦ ਫੁੱਲ ਪੈਣਗੇ
ਰੀਝਾਂ ਪੂਰੀਆਂ ਹੋਣਗੀਆਂ
ਰੋਟੀ ਦੇ ਸੁਪਨੇ ਲੈ ਜਿੰਦਾਂ
ਭੁੱਖੇ ਪੇਟ ਨਾ ਸੌਣਗੀਆਂ
ਸਾਵਣ ਦਾ ਅਸਲੀ ਸਾਵਾ ਰੰਗ
ਜ਼ਿੰਦਗੀ 'ਤੇ ਛਾ ਜਾਏਗਾ...ਜਿਸ ਸਾਵਣ

(**ਚਾਨਣੀ ਦੇ ਦੇਸ ਵਿਚ**, ਪੰਨਾ 24)

ਸ਼ਾਇਰਾ ਜਦ ਆਪਣੇ ਜੀਵਨ ਵਿੱਚੋਂ ਕਸੀਦ ਕੀਤੇ ਗਹਿਰੇ ਅਨੁਭਵ ਨੂੰ ਆਪਣੀਆਂ ਪ੍ਰਗੀਤਕ ਰਚਨਾਵਾਂ ਵਿੱਚ ਉਤਾਰਦੀ ਹੈ ਤਾਂ ਇਹ ਵਿਲੱਖਣ ਅਨੁਭਵ ਬੇਜੋੜ ਅਤੇ ਸ਼ਕਤੀਸ਼ਾਲੀ ਕਵਿਤਾ ਦੇ ਰੂਪ ਵਿੱਚ ਸਾਹਮਣੇ ਆਉਂਦੇ ਹਨ। ਕਵਿਤਾ ਕੇਵਲ ਮਨੁੱਖ ਦੇ ਨਿੱਜ ਦਾ ਹੀ ਸੰਵਾਦ ਨਹੀਂ ਹੁੰਦਾ, ਇਸ ਨਾਲ ਮਨੁੱਖ ਦੀਆਂ ਗਹਿਰੀਆਂ ਮਨੋਬਿਰਤੀਆਂ, ਅਕਾਂਖਿਆਵਾਂ ਅਤੇ ਭਾਵਨਾਵਾਂ ਵੀ ਜੁੜੀਆਂ ਹੁੰਦੀਆਂ ਹਨ। ਇਸਦੇ ਨਾਲ ਹੀ ਹਰ ਸਾਹਿਤਕ ਰਚਨਾ ਦਾ ਇੱਕ ਸਾਹਿਤਕ-ਪ੍ਰਯੋਜਨ ਵੀ ਹੁੰਦਾ ਹੈ ਜੋ ਇਸਨੂੰ ਰਚਨਾਕਾਰੀ ਦੇ ਮੂਲ ਉਦੇਸ਼ ਅਤੇ ਸਦੀਵੀ ਪਹੁੰਚ ਨਾਲ ਜੋੜਦਾ ਹੈ। ਇਹ ਧਾਰਨਾ ਸੰਧੂ ਦੀ ਕਵਿਤਾ ਨੂੰ ਮਨੁੱਖੀ ਜੀਵਨ ਦੀ ਬਹੁਅਰਥੀ ਸਮਾਜਿਕ ਪਹੁੰਚ ਨਾਲ ਜੋੜਦੀ ਹੈ। ਇਹ ਕਵਿਤਾ ਜਿਵੇਂ ਨਾਰੀ ਜੀਵਨ ਪ੍ਰਤੀ ਬਹੁਤ ਸੂਖ਼ਮ ਪਹੁੰਚ ਰੱਖਦੀ ਹੈ, ਉਸੇ ਤਰ੍ਹਾਂ ਮਨੁੱਖ ਦੇ ਅੰਤਰੀਵੀ ਭਾਵ ਸੰਸਾਰ ਪ੍ਰਤੀ ਵੀ ਬਹੁਤ ਸੰਵੇਦਨਸ਼ੀਲ ਪਹੁੰਚ ਰੱਖਦੀ ਹੈ। ਇਸ ਕਵਿਤਾ ਵਿੱਚ ਉਦਾਸੀ, ਬਿਰਹਾ ਅਤੇ ਵਿਯੋਗ ਦੀ ਧੁਨੀ ਹਰ ਵੇਲੇ ਕਵਿਤਾ ਦੇ ਨਾਲ-ਨਾਲ ਚੱਲਦੀ ਦਿਖਾਈ ਦਿੰਦੀ ਹੈ। ਅਸਲ ਵਿੱਚ ਇਹ ਸਾਰਾ ਕੁਝ ਸ਼ਾਇਰਾ ਦੀ ਸਵੈ ਤਲਾਸ਼ ਵਿੱਚੋਂ ਪੈਦਾ ਹੁੰਦਾ ਹੈ। ਉਹ ਜਦ ਸਵੈ ਤਲਾਸ਼ ਦੇ ਰਸਤੇ ਪੈਦੀ ਹੈ ਤਾਂ ਇਸ ਆਤਮ ਯਾਤਰਾ ਵਿੱਚ ਉਪਰਾਮਤਾ ਅਤੇ ਉਦਾਸੀ ਦਾ ਮੰਜ਼ਰ ਵਾਰ-ਵਾਰ ਉੱਭਰਦਾ ਦਿਖਾਈ ਦਿੰਦਾ ਹੈ। ਉਹ ਜਦ ਵੀ ਕਿਸੇ ਗੀਤ ਦਾ ਮੁਖੜਾ ਛੁਹਣ ਲੱਗਦੀ ਹੈ ਤਾਂ ਇਹ ਸਾਰਾ ਕੁਝ ਉਸਦੀ ਕਵਿਤਾ ਵਿੱਚ ਆਪਣੇ ਆਪ ਹੀ ਸਾਕਾਰ ਹੋ ਉੱਠਦਾ ਹੈ। ਉਹ ਸ੍ਰਿਸ਼ਟੀ ਦੇ ਪ੍ਰਤੀਕਾਂ ਨੂੰ ਆਪਣੀਆਂ ਕਵਿਤਾ ਵਿੱਚ ਇਸ ਢੰਗ ਨਾਲ ਉਸਾਰਦੀ ਹੈ ਕਿ ਇਨ੍ਹਾਂ ਦੀ ਅਨੋਖੀ ਪਹੁੰਚ ਦੁਆਰਾ ਉਸਦੇ ਅੰਦਰਲਾ ਵਾਤਾਵਰਣ ਸਾਡੇ ਸਾਹਮਣੇ ਸਾਕਾਰ ਹੋ ਉੱਠਦਾ ਹੈ। ਸ਼ਾਇਰਾ ਧਰਤੀ ਅੰਬਰ ਅਤੇ ਆਪਣੇ ਸੂਖ਼ਮ ਸੰਸਾਰ ਵਿੱਚੋਂ ਅਜਿਹੇ ਬਿੰਬਾਂ ਅਤੇ ਪ੍ਰਤੀਕਾਂ ਨੂੰ ਚੁਣਦੀ ਹੈ, ਜਿਹੜੇ ਕਿ ਉਸਦੇ ਕਾਵਿ ਕਰਮ ਨੂੰ ਅਨੋਖੀ ਗਤੀ ਅਤੇ ਦ੍ਰਿਸ਼ਟੀ ਪ੍ਰਦਾਨ ਕਰਦੇ ਹਨ। ਸ਼ਾਇਰਾ ਆਪਣੇ ਜੀਵਨ ਸਫ਼ਰ ਨੂੰ ਕੇਵਲ ਦਿਨਾਂ, ਮਹੀਨਿਆਂ ਅਤੇ ਸਾਲਾਂ ਦੀ ਕਾਲਗਤ ਤਰਤੀਬ ਰਾਹੀਂ ਹੀ ਨਹੀਂ ਪ੍ਰਗਟਾਉਂਦੀ ਸਗੋਂ ਉਹ ਇਸ ਸਮੇਂ ਦੇ ਵੇਗ ਨੂੰ ਚੇਤਨਾ ਦੇ ਸਫ਼ਰ ਵੱਜੋਂ ਵੇਖਦੀ ਹੋਈ ਆਪਣੇ ਜੀਵਨ ਦਾ ਲੇਖਾ ਜੋਖਾ ਕਰਨ ਦਾ ਯਤਨ ਵੀ ਕਰਦੀ ਹੈ। ਇਸ ਸੰਦਰਭ ਵਿੱਚ ਉਸਦੀ ਕਵਿਤਾ 'ਸੋਚ ਦੀਏ ਡਾਚੀਏ' ਵਿਚਾਰੀ ਜਾ ਸਕਦੀ ਹੈ। ਇਹ ਕਵਿਤਾ ਸੰਵੇਦਨਾ ਤੋਂ ਚੇਤਨਾ ਦਾ ਸਫ਼ਰ ਤੈਅ ਕਰਦੀ ਹੋਈ, ਸ਼ਾਇਰਾ ਨੂੰ ਉਸਦੇ ਸਫ਼ਰ ਦਾ ਲੇਖਾ ਜੋਖਾ ਕਰਨ ਲਈ ਆਖਦੀ ਹੈ। ਆਪਣੇ ਪੁਨਰ-ਚਿੰਤਨ ਦਾ ਇਹ ਅਭਿਆਸ ਹੀ ਇਸ ਕਵਿਤਾ ਨੂੰ ਨਵੇਂ ਅਰਥ ਪ੍ਰਦਾਨ ਕਰਦਾ ਹੈ:—

ਮੇਰੀ ਸੋਚ ਦੀਏ ਡਾਚੀਏ
ਰੁਕ ਕੇ ਪਲ ਕੁ ਵਾਚੀਏ

ਤੇਰੇ ਚੇਤਿਆਂ ਦੇ ਦੇਸ਼ ਵਿੱਚ
ਪੌਣਾ ਵਰਗੇ ਵੇਸ ਵਿਚ
ਬੌਰੇ ਹੋ ਹੋ ਘੁੰਮਣਾ
ਖਿੱਲਰੀਆਂ ਪੈੜਾਂ ਚੁੰਮਣਾ
ਤੇਰੀ ਨੀਂਦ ਹੈ ਜਾਂ ਜਾਗ ਹੈ
ਜਗਿਆਸਾ ਜਾਂ ਵੈਰਾਗ਼ ਹੈ

ਤੇਰੀ ਲੰਮ ਸਲੰਮੀ ਵਾਟ ਵਿੱਚ
ਮੱਥੇ 'ਚ ਜਾਗਦੀ ਲਾਟ ਵਿੱਚ
ਸੋਚਾਂ ਦਾ ਸੂਰਜ ਮਘ ਰਿਹਾ
ਤੇ ਤੈਨੂੰ ਜਗਦਾ ਰੱਖ ਰਿਹਾ
ਇਸ ਚਾਨਣੇ ਪਲ ਸਾਹ ਤਾਂ ਲੈ
ਆਪਣੇ ਸਫ਼ਰ ਦੀ ਥਾਹ ਤਾਂ ਲੈ
ਇਹ ਆ-ਮੁਹਾਰੇ ਪੰਧ ਨੀ
ਤੈਨੂੰ ਨਾ ਜਾਣ ਉਲੰਘ ਨੀ (**ਚਾਨਣੀ ਦੇ ਦੇਸ ਵਿਚ**, ਪੰਨਾ-93)

ਇਸ ਤਰ੍ਹਾਂ ਅਰਤਿੰਦਰ ਸੰਧੂ ਦੀ ਇਹ ਕਵਿਤਾ ਮਨੁੱਖ ਦੇ ਇਸ ਧਰਤੀ ਤੇ ਹੋਂਦਮੂਲਕ ਸਵਾਲਾਂ ਨੂੰ ਉਠਾਉਂਦੀ ਹੋਈ, ਉਸਨੂੰ ਉਸਦੇ ਅਸਲ ਮਨੋਰਥ ਅਤੇ ਕਰਮ ਪ੍ਰਤੀ ਸੁਚੇਤ ਕਰਦੀ ਹੈ। ਇਸ ਤਰ੍ਹਾਂ ਅਰਤਿੰਦਰ ਸੰਧੂ ਦੀ ਚੌਣਵੀਂ ਪ੍ਰਗੀਤਕ ਕਵਿਤਾ ਦਾ ਇਹ ਕਾਵਿ ਸੰਗ੍ਰਹਿ **ਚਾਨਣੀ ਦੇ ਦੇਸ ਵਿਚ** ਮਹਿਜ਼ ਕਵਿਤਾ ਦੀ ਪ੍ਰਗੀਤਕ ਆਧਾਰਸ਼ਿਲਾ ਤੇ ਹੀ ਕੇਂਦਰਤ ਨਹੀਂ ਹੈ, ਇਸ ਵਿੱਚ ਮਨੁੱਖੀ ਜੀਵਨ ਦੇ ਸੰਕਟ, ਭਾਵ ਸੰਸਾਰ ਅਤੇ ਦਾਰਸ਼ਨਿਕ ਮਸਲੇ ਗਹਿਰ-ਗੰਭੀਰ ਢੰਗ ਨਾਲ ਪੇਸ਼ ਹੁੰਦੇ ਹਨ। ਇਹ ਸਮੁੱਚੀ ਕਵਿਤਾ ਸਾਡੇ ਆਲੇ-ਦੁਆਲੇ ਘਟ ਰਹੇ ਸਮਾਜਿਕ-ਸੱਭਿਆਚਾਰਕ ਅਤੇ ਰਾਜਨੀਤਕ ਵਰਤਾਰਿਆਂ ਤੇ ਸਿਰਫ਼ ਟੀਕਾ ਟਿੱਪਣੀ ਹੀ ਨਹੀਂ ਕਰਦੀ ਸਗੋਂ ਯਥਾਰਥ ਦੇ ਧਰਾਤਲ ਤੇ ਖੜ੍ਹੋ ਕੇ ਇਨ੍ਹਾਂ ਨਾਲ ਪ੍ਰਵਚਨੀ ਸੁਰ ਬਣਾਉਣ ਦਾ ਯਤਨ ਵੀ ਕਰਦੀ ਹੈ। ਇਹ ਕਵਿਤਾ ਵਿਸ਼ਵੀਕਰਨ ਦੇ ਇਸ ਦੌਰ ਵਿੱਚ ਸਾਡੇ ਖੁਰ ਰਹੇ ਮੁੱਲ ਵਿਧਾਨ ਅਤੇ ਨੈਤਿਕ ਕਦਰਾਂ-ਕੀਮਤਾਂ ਦੇ ਘਾਣ ਨੂੰ ਬਹੁਤ ਹੀ ਸੂਖਮ ਦ੍ਰਿਸ਼ਟੀ ਨਾਲ ਚਿਤਰਨ ਦੇ ਆਹਰ ਵਿੱਚ ਹੈ। ਇਸ ਵਿੱਚ ਵਿਰਾਸਤੀ ਸੰਕਲਪਾਂ ਅਤੇ ਜੜ੍ਹਾਂ ਦਾ ਸਮਰਣ ਵਾਰ-ਵਾਰ ਦ੍ਰਿਸ਼ਟੀਗੋਚਰ ਹੁੰਦਾ ਹੈ। ਮਨੁੱਖੀ ਇਤਿਹਾਸ ਅਤੇ ਇਸ ਨਾਲ ਸੰਬੰਧਿਤ ਘਟਨਾਵਾਂ ਇਸ ਕਵਿਤਾ ਨੂੰ ਅਨੋਖੀ ਗਤੀ ਪ੍ਰਦਾਨ ਕਰਦੇ ਹਨ। ਇਸ ਕਵਿਤਾ ਵਿੱਚ ਮਨੁੱਖੀ ਸਮਾਜ ਦੇ ਵਡੇਰੇ ਫ਼ਿਕਰ ਸ਼ਾਮਿਲ ਹਨ। ਇਹ ਮਨੁੱਖ ਨੂੰ ਗਹਿਰੀ ਨੀਂਦ ਚੋਂ ਜਗਾ ਕੇ ਉਸਦੇ ਅਸਲ ਸਫ਼ਰ ਤੇ ਤੋਰਦੀ ਹੈ। ਇਸਦੇ ਨਾਲ ਹੀ ਇਸ ਕਵਿਤਾ ਦਾ

ਵੇਗਮਈ ਪ੍ਰਵਾਹ ਅਤੇ ਗਹਿਰਾਈ ਇਸਨੂੰ ਸਮਕਾਲੀ ਕਵਿਤਾ ਤੋਂ ਇੱਕ ਵੱਖਰੀ ਨੁਹਾਰ ਪ੍ਰਦਾਨ ਕਰਦੇ ਹਨ। ਇਸ ਕਾਵਿ ਪੁਸਤਕ ਦਾ ਸਿਰਲੇਖ **ਚਾਨਣੀ ਦੇ ਦੇਸ ਵਿਚ** ਇਸ ਪੁਸਤਕ ਦੇ ਵਿਸ਼ੇਗਤ ਸਰੋਕਾਰਾਂ ਅਤੇ ਵਿਚਾਰਧਾਰਾ ਦੇ ਅਨੁਕੂਲ ਪੂਰੀ ਤਰ੍ਹਾਂ ਨਿੱਭਦਾ ਹੈ। ਇਹ ਕਾਵਿ ਸਿਰਲੇਖ ਜਿੱਥੇ ਇਨ੍ਹਾਂ ਹਨੇਰੇ ਸਮਿਆਂ ਵਿੱਚ ਚਾਨਣੀ ਦੇ ਚਿਹਨ ਰਾਹੀਂ ਮਨੁੱਖੀ ਮਨ ਵਿੱਚ ਆਸ਼ਾ ਦੀ ਇੱਕ ਨਵੀਂ ਕਿਰਨ ਪੈਦਾ ਕਰਨ ਵਿੱਚ ਸਹਾਈ ਹੁੰਦਾ ਹੈ, ਉਸਦੇ ਨਾਲ ਹੀ ਪਾਠਕ ਵਿੱਚ ਇੱਕ ਨਵੀਂ ਊਰਜਾ ਅਤੇ ਸ਼ਕਤੀ ਦਾ ਸੰਚਾਰ ਵੀ ਕਰਦਾ ਹੈ। ਅਰਤਿੰਦਰ ਸੰਧੂ ਨੇ ਪੰਜਾਬੀ ਸਾਹਿਤ ਦੇ ਖੇਤਰ ਵਿੱਚ ਗਿਣਤੀ ਅਤੇ ਗੁਣਾਤਮਕ ਪੱਖੋਂ ਬੜੀ ਮੁੱਲਵਾਨ ਰਚਨਾਕਾਰੀ ਕੀਤੀ ਹੈ। ਇਸ ਸੰਦਰਭ ਵਿੱਚ ਉਸਦੀ ਇਹ ਚੋਣਵੀਂ ਪ੍ਰਗੀਤਕ ਕਵਿਤਾ ਦੀ ਕਾਵਿ ਪੁਸਤਕ **ਚਾਨਣੀ ਦੇ ਦੇਸ ਵਿਚ** ਵਿਸ਼ੇਸ਼ ਮਹੱਤਤਾ ਦੀ ਧਾਰਨੀ ਹੈ। ਉਹ ਆਪਣੀ ਨਿਰੰਤਰ ਸਾਹਿਤ ਸਾਧਨਾ ਰਾਹੀਂ ਪੰਜਾਬੀ ਸਾਹਿਤ ਦੇ ਖੇਤਰ ਵਿੱਚ ਨਵੇਂ ਪੂਰਨੇ ਪਾ ਰਹੀ ਹੈ। ਆਸ ਹੈ ਕਿ ਉਸਦਾ ਇਹ ਬੌਧਿਕ ਅਤੇ ਸੰਗੀਤਕ ਸਫ਼ਰ ਇਸੇ ਤਰ੍ਹਾਂ ਜਾਰੀ ਰਹੇਗਾ।

**ਡਾ. ਮੋਹਨ ਸਿੰਘ ਤਿਆਗੀ**
**ਮੋਬਾ. 98144-79150**

# ਚਾਨਣੀ ਦੇ ਦੇਸ ਵਿਚ

ਚਾਨਣ ਸੂਰਜ ਤੋਂ ਆਉਂਦਾ ਸੋ ਉਸ ਨਾਲ ਹੀ ਜੁੜਿਆ ਹੋਇਆ ਹੁੰਦਾ ਹੈ ਪਰ ਚਾਨਣੀ ਕਹਿੰਦਿਆਂ, ਸੁਣਦਿਆਂ ਜਾਂ ਸੋਚਦਿਆਂ ਹੀ ਚੰਦਰਮਾ ਦਾ ਅਕਸ ਚਿਤਵਨ ਵਿਚ ਸਾਕਾਰ ਹੋ ਜਾਂਦਾ ਹੈ।ਕੁਦਰਤੀ ਤੌਰ ਤੇ ਸੂਰਜ ਤੇ ਚੰਦਰਮਾਂ ਹੁੰਦੇ ਦੋਵੇਂ ਚਾਨਣ ਦੇ ਹੀ ਸੋਮੇਂ ਹਨ ਪਰ ਦੋਹਾਂ ਦੇ ਚਾਨਣ ਦਾ ਪ੍ਰਭਾਵ ਇਕ ਦੂਜੇ ਤੋਂ ਵੱਖਰੀ ਤਰਾਂ ਦਾ ਹੁੰਦਾ ਹੈ। ਸੂਰਜ ਦੇ ਤੇਜ਼ ਪ੍ਰਕਾਸ਼ ਦੀ ਜੱਗਮੱਗ ਵਿਚ ਤਾਂ ਅਸਮਾਨ ਵਿਚ ਤਾਰੇ ਨਜ਼ਰ ਨਹੀਂ ਆਉਣੇ ਹੁੰਦੇ ਪਰ ਚੰਦਰਮਾਂ ਦੀ ਸ਼ਾਂਤ ਜਿਹੀ ਚਾਨਣੀ ਵੀ ਬਹੁਤ ਸਾਰੇ ਤਾਰਿਆਂ ਦੀ ਲੋਅ ਨੂੰ ਆਪਣੀ ਰੁਮਾਨੀ ਚਮਕ ਵਿਚ ਲਪੇਟ ਲੈਂਦੀ ਹੈ ਤੇ ਉਹ ਨਜ਼ਰ ਹੀ ਨਹੀਂ ਆਉਂਦੇ। ਉਹਨਾ ਦੀਆਂ ਲੋਆਂ ਅਣਗੌਲੀਆਂ ਹੀ ਵਿਹਾ ਜਾਂਦੀਆਂ ਹਨ। ਕਈ ਸਾਲ ਪਹਿਲਾਂ ਛਪੀ ਮੇਰੀ ਕਿਤਾਬ **ਆਪਣੇ ਤੋਂ ਆਪਣੇ ਤੱਕ** ਵਿਚ ਇਸ ਭਾਵ ਵਾਲੀ ਇਕ ਕਵਿਤਾ ਸੀ:

ਚਾਨਣੀ ਦੇ ਦੇਸ ਵਿਚ
ਸੋਚਾਂ ਦੇ ਹੀ ਵੇਸ ਵਿਚ
ਚਾਨਣ ਦਾ ਵੇਗ ਹੰਗਾਲ ਰਹੀ
ਵਿਚ ਗੁੰਮੇਂ ਤਾਰੇ ਭਾਲ ਰਹੀ
... ... ...

ਮੇਰੀ ਚੇਤਨਤਾ ਦੇ ਚਾਨਣ
ਚੱਲ ਨ੍ਹੇਰੇ 'ਚੋਂ ਬਿਰਤੀ ਛਾਨਣ
ਇਓਂ ਜੀਂਦੇ ਤਾਲ ਬੇਤਾਲ ਜਿਹੀ
ਰਹਾਂ ਕੁਝ ਕੁਝ ਆਪਣੇ ਨਾਲ ਜਿਹੀ

ਅਸਲ ਵਿਚ ਇਹ ਅਹਿਸਾਸ ਹੀ ਇਸ ਹੱਥਲੀ ਕਿਤਾਬ ਦੇ ਹੋਂਦ ਵਿਚ ਆਉਣ ਦਾ ਕਾਰਨ ਹੈ।

ਲਗਾਤਾਰ ਜਾਪਦਾ ਰਿਹਾ ਸੀ ਕਿ ਮਨੁੱਖ ਦੇ ਅੰਦਰ ਹਮੇਸ਼ਾਂ ਹੀ ਚਾਨਣ ਦੇ ਹਾਮੀ ਹੋਏ ਰਹਿਣ ਦੀ ਚਾਹਤ ਹੁੰਦੀ ਹੈ।ਫਿਰ ਇਸ ਤਰਾਂ ਦੀ ਚਾਹਤ ਦੇ ਬੇਬਾਕ ਅਸਰ ਕੁਝ ਵੱਖਰੀ ਤਰਾਂ ਦੇ ਪ੍ਰਤੀਮਾਨ ਪੈਦਾ ਕਰਦੇ ਹਨ। ਇਸ ਇਕ ਤਰਫ਼ਾ ਚਾਨਣੇ ਮੋਹ

ਕਾਰਨ ਸਿਰਫ ਹਨੇਰਾ ਹੀ ਗਾਇਬ ਨਹੀਂ ਹੁੰਦਾ, ਬਹੁਤ ਸਾਰੇ ਜੁਗਨੂੰਆਂ ਵਰਗੇ ਨਿੱਕੇ ਨਿੱਕੇ ਸੁਹਿਰਦ ਚਾਨਣ ਵੀ ਅਲੋਪ ਹੋ ਜਾਂਦੇ ਹਨ, ਜਿਹੜੇ ਜਿਉਂਦੇ ਰਹਿਣ ਤੇ ਕਾਰਜਸ਼ੀਲ ਰਹਿਣ ਵਾਸਤੇ ਜਿੰਦ ਜਾਨ ਲੱਗਾ ਰਹੇ ਹੁੰਦੇ ਹਨ। ਇਕ ਹੋਰ ਜ਼ਰੂਰੀ ਤੱਥ ਹੈ, ਕਿ ਜ਼ਿੰਦਗੀ ਵਾਸਤੇ ਚਾਨਣ ਦੇ ਨਾਲ ਹਨੇਰਾ ਵੀ ਲੋੜੀਂਦਾ ਹੈ। ਪਰ ਹਾਲਾਤ ਇਹਨਾਂ ਵਰਤਾਰਿਆਂ ਵੱਲ ਇਨਸਾਨ ਦਾ ਧਿਆਨ ਜਾਣ ਹੀ ਨਹੀਂ ਦੇਂਦੇ। ਅਕਸਰ ਚਾਨਣੀ ਦੀ ਚਾਦਰ ਵੀ ਨਾਜ਼ੁਕ ਤਾਰਿਆਂ ਦੀ ਹੋਂਦ ਤੱਕ ਆਪਣੇਂ ਰੁਮਾਨੀ ਤਲਿਸਮ ਵਿਚ ਲਪੇਟ ਲੈਂਦੀ ਹੈ। ਹੋਰ ਬ੍ਰਹਿਮੰਡੀ ਵਰਤਾਰਿਆਂ ਵਾਂਗ ਹੀ ਇਹ ਵਰਤਾਰਾ ਵੀ ਜ਼ਿੰਦਗੀ ਵਿਚ ਇਸੇ ਰੂਪ ਵਿਚ ਰਚਦਾ ਜਾਂਦਾ ਹੈ ਤੇ ਇਸ ਦਾ ਇਕ ਸਹਿਜ ਸੁਭਾਅ ਹਿੱਸਾ ਜਾਪਣ ਲੱਗ ਪੈਂਦਾ ਹੈ। ਪਰ ਅਚੇਤ ਰੂਪ ਵਿੱਚ ਇਹ ਮਨੁੱਖ ਦੀ ਸੰਵੇਦਨਾ ਨੂੰ ਪ੍ਰਭਾਵਿਤ ਕਰਦਾ ਰਹਿੰਦਾ ਹੈ।

ਵਰਤਮਾਨ ਸਮੇਂ ਦੌਰਾਨ ਮਨੁੱਖ ਦੇ ਮਨ ਨੂੰ ਨਵੇਂ ਤੇ ਲੁਭਾਉਣੇ ਗੈਜੇਟਸ ਤੇ ਤਕਨੀਕਾਂ ਬਹੁਤ ਜਲਦੀ ਆਪਣੇ ਪ੍ਰਭਾਵ ਹੇਠ ਲੈ ਰਹੇ ਹਨ। ਇਸ ਦੇ ਨਾਲ ਨਾਲ ਹੋਰ ਵੀ ਹਰੇਕ ਨਵੇਂਪਨ ਨੂੰ ਅਪਨਾਉਣ ਦੇ ਚੱਕਰ ਵਿਚ ਪੁਰਾਣੀਆਂ ਵਸਤਾਂ, ਰਸਮਾਂ ਤੇ ਅਹਿਸਾਸ ਵੀ ਅਣਗੌਲੇ ਹੋਣ ਲੱਗਦੇ ਹਨ। ਫਿਰ ਹੌਲੀ ਹੌਲੀ ਸਾਡੀ ਸੰਵੇ ਦਨਸ਼ੀਲਤਾ ਦੀ ਮਹਿਕ ਤੇ ਇਸ ਦੀ ਭਿੰਨੀ ਰੰਗਤ ਵੀ ਸਮਿਆਂ ਦੀ ਤੇਜ਼ ਚਕਾਚੌਂਧ ਉਹਲੇ ਗਾਇਬ ਹੁੰਦੀ ਜਾਣ ਲੱਗਦੀ ਹੈ। ਪਿਛਲੇ ਕੁਝ ਦਹਾਕਿਆਂ ਵਿਚ ਇਸੇ ਤਰਾਂ ਹੋਇਆ ਹੈ ਤੇ ਹੋ ਵੀ ਰਿਹਾ ਹੈ। ਇਸ ਤਰਾਂ ਦੇ ਮਾਹੌਲ ਵਿਚ ਨਵੀਂ ਤਰਾਂ ਦੇ ਭਰਮਾਂ ਦੀ ਸਿਰਜਣਾ ਹੋਣ ਲੱਗੀ ਤੇ ਜ਼ਿੰਦਗੀ ਉਹਨਾ ਦੀ ਝਿਲਮਿਲ ਵਿਚ ਹੀ ਆਨੰਦ ਮਹਿਸੂਸ ਕਰਨ ਲੱਗ ਪਈ। ਸਮਕਾਲੀ ਸਮਿਆਂ ਵਿਚਲਾ ਇਹ ਗੁਬਾਰ ਇਸ ਹੱਦ ਤੱਕ ਪਹੁੰਚ ਗਿਆ ਕਿ ਇਸ ਨੂੰ ਮਹਿਸੂਸ ਕਰਨ ਵਾਲੇ ਮਨ ਬੇਚੈਨ ਰਹਿਣ ਲੱਗ ਪਏ। ਇਸ ਤਰਾਂ ਦੇ ਧੂੰਏਂ ਤੇ ਧੁੰਦ ਨੂੰ ਮਹਿਸੂਸ ਕਰਦਿਆਂ ਸਮੇਂ ਸਮੇਂ ਤੇ ਬਹੁਤ ਸਾਰੇ ਕਲਮਕਾਰਾਂ ਵੱਲੋਂ ਵੱਖ ਵੱਖ ਰੂਪ ਵਾਲੀਆਂ ਕਵਿਤਾਵਾਂ ਸਮੇਤ ਸਾਹਿਤ ਦੇ ਹੋਰ ਰੂਪਾਂ ਵਾਲੀਆਂ ਰਚਨਾਵਾਂ ਵੀ ਹੋਂਦ ਵਿਚ ਆਉਂਦੀਆਂ ਰਹੀਆਂ ਹਨ। ਆਖ਼ਰ ਬਾਹਰਲਾ ਸਾਰਾ ਕੁਝ ਸਾਡੇ ਅੰਤਰਮਨ ਵਿੱਚੋਂ ਹੀ ਤਾਂ ਗੁਜ਼ਰਦਾ ਤੇ ਫਿਰ ਸਾਹਿਤ ਦਾ ਕੋਈ ਰੂਪ ਧਾਰਦਾ ਹੈ। ਮੇਰੇ ਨਾਲ ਵੀ ਇਸੇ ਤਰਾਂ ਹੋਇਆ ਤੇ ਸਾਹਿਤ ਦੇ ਹੋਰ ਰੂਪਾਂ ਸਮੇਤ ਕਵਿਤਾ ਵੀ ਲਿਖੀ ਜਾਂਦੀ ਰਹੀ। ਇਹ ਤਾਂ ਕਵਿਤਾ ਦੀ ਆਪਣੀ ਹੀ ਮਰਜ਼ੀ ਰਹੀ ਕਿ ਉਸ ਨੇ ਖੁੱਲ੍ਹੀ ਕਵਿਤਾ ਦੇ ਰੂਪ ਵਿਚ ਆਉਣਾ ਹੈ ਕਿ ਤੁਕਾਂਤਕ ਕਵਿਤਾ ਜਾਂ ਪ੍ਰਗੀਤ ਦੇ ਰੂਪ ਵਿਚ ਲ਼ਿਖੇ ਜਾਣਾ ਹੈ। ਬਾਰਾਂ ਕਿਤਾਬਾਂ ਖੁਲ੍ਹੀ ਕਵਿਤਾ ਦੀਆਂ ਦੇ ਨਾਲ ਤਿੰਨ ਕਿਤਾਬਾਂ ਤੁਕਾਂਤਕ ਜਾਂ ਪ੍ਰਗੀਤਕ ਸ਼ਾਇਰੀ ਦੀਆਂ ਵੀ ਸਮਕਾਲ ਦੇ ਹਾਲਾਤ ਦੀ ਬੇਚੈਨੀ ਵਿੱਚੋਂ ਸਿਰਜਿਤ ਹੋ ਗਈਆਂ।। ਉਨ੍ਹਾਂ ਤਿੰਨਾ ਕਿਤਾਬਾਂ **ਸ਼ੀਸ਼ੇ ਦੀ ਜੂਨ**, **ਆਪਣੇ ਤੋਂ ਆਪਣੇ ਤੱਕ** ਤੇ **ਮਨ ਦਾ ਮੌਸਮ** ਵਿਚਲੀ ਚੋਣਵੀਂ ਕਵਿਤਾ

ਨੂੰ ਪਰੋ ਕੇ ਡਾ. ਮੋਹਨ ਸਿੰਘ ਤਿਆਗੀ ਦੀ ਹਿੰਮਤ ਤੇ ਮਿਹਨਤ ਨਾਲ ਇਹ ਕਿਤਾਬ **ਚਾਨਣੀ ਦੇ ਦੇਸ ਵਿਚ** ਹੋਂਦ ਵਿਚ ਆ ਸਕੀ ਹੈ। ਡਾ. ਤਿਆਗੀ ਦਾ ਧੰਨਵਾਦ।

ਪੰਜਾਬੀ ਦੇ ਅਜ਼ੀਮ ਸ਼ਾਇਰ ਡਾ. ਸੁਰਜੀਤ ਪਾਤਰ ਹੋਰਾਂ ਵੱਲੋਂ ਨੇ ਇਸ ਕਵਿਤਾ ਨੂੰ ਪੜ੍ਹ ਕੇ ਇਸ ਬਾਰੇ ਆਪਣੇ ਵਿਚਾਰ ਅੰਕਿਤ ਕੀਤੇ। ਉਹਨਾ ਦਾ ਮੇਰੇ ਵੱਲੋਂ ਵਿਸ਼ੇਸ਼ ਤੌਰ ਤੇ ਸ਼ੁਕਰੀਆ।

**ਅਰਤਿੰਦਰ ਸੰਧੂ**

# ਦਰਿਆ

ਮੇਰੇ ਅੰਦਰ ਇਕ ਦਰਿਆ ਵਹਿੰਦਾ
ਮੈਨੂੰ ਆਪਣੇ ਵਿਚ ਘੁਲ ਜਾ ਕਹਿੰਦਾ

ਜੋੜੇ ਆਪਣਾ ਕਤਰਾ ਕਤਰਾ
ਕਦੇ ਸਾਰੀ ਹੋਂਦ ਖਿੰਡਾ ਬਹਿੰਦਾ

ਕਦੇ ਰੇਤ ਬਰੇਤੇ ਉੱਭਰਦੇ
ਕਦੇ ਉੱਛਲ ਕੇ ਕੰਢੇ ਢਾਹ ਬਹਿੰਦਾ

ਖੰਭੜੀ ਖੰਭੜੀ ਯਾਦਾਂ ਚਿਤਵੇ
ਕਦੇ ਹਰ ਇਕ ਨੂੰ ਉੱਡ ਜਾ ਕਹਿੰਦਾ

ਕਦੇ ਆਪਣੀ ਗਹਿਰ 'ਚ ਗੁੰਮ ਜਾਵੇ
ਦੂਜੇ ਪਲ ਹੋ ਸ਼ੀਸ਼ਾ ਬਹਿੰਦਾ

ਕਦੇ ਲੁਕਦਾ ਆਪਣੀ ਮਿੱਟੀ ਵਿਚ
ਕਦੇ ਅੰਬਰ ਨਾਲ ਵੀ ਜਾ ਖਹਿੰਦਾ

ਕਦੇ ਭਰੀ ਦੁਪਹਿਰੇ ਸੁੰਨ ਹੋਵੇ
ਕਦੇ ਸੀਤ 'ਚ ਆਪਾ ਤਾਅ ਬਹਿੰਦਾ

ਕਦੇ ਭਰੇ ਕਲਾਵੇ ਮੰਡਲਾਂ ਨੂੰ
ਕਦੇ ਖ਼ੁਦ ਨਾਲ ਆਢਾ ਲਾ ਬਹਿੰਦਾ

ਕਤਰਾ ਕਤਰਾ ਅੱਥਰੂ ਢਲ਼ ਕੇ
ਫਿਰ ਆਪਣੇ ਸਾਗਰ ਜਾ ਵਹਿੰਦਾ

ਮੇਰੇ ਅੰਦਰ ਇਕ ਦਰਿਆ ਵਹਿੰਦਾ
ਮੈਨੂੰ ਆਪਣੇ ਵਿਚ ਘੁਲ ਜਾ ਕਹਿੰਦਾ

◆

## ਮੇਰੇ ਗੀਤ ਰੋਕਦੇ ਨੇ ਮੈਨੂੰ

ਮੇਰੇ ਗੀਤ ਰੋਕਦੇ ਨੇ ਮੈਨੂੰ ਸੁਰ ਵੱਲ ਜਾਣੋ
ਕਿ ਉੱਖੜੇ ਜਿਹੇ ਸਾਜ਼ਾਂ ਨਾਲ ਤਾਲ ਕਿੱਥੋਂ ਆਏਗਾ
ਜੋੜ ਸਾਰੇ ਢਿੱਲੇ ਢਿੱਲੇ ਬੇਦਿਲੇ ਤਾਰ ਨੇ
ਸੁਰ ਕੋਈ ਸ਼ਬਦਾਂ ਦੇ ਨਾਲ ਕਿੱਥੋਂ ਆਏਗਾ

ਧੂੰਏਂ ਦੇ ਗ਼ੁਬਾਰ ਚੁੱਕੀ ਪੌਣ ਨਿੱਤ ਤੁਰਦੀ
ਧੂੰਏਂ ਦੇ ਹੀ ਵੱਟਣੇ ਉਹ ਦਿਨਾਂ ਨੂੰ ਵੀ ਮਲਦੀ
ਰਾਤ ਪਿੱਛੋਂ ਦਿਨ ਵੀ ਤਾਂ ਰਾਤ ਰੰਗ ਨਿੱਖਰੇ
ਚਾਨਣਾਂ ਤੇ ਚਿਹਰੇ ’ਤੇ ਜਲਾਲ ਕਿੱਥੋਂ ਆਏਗਾ

ਦੁੱਖਾਂ ਦਿਆਂ ਮੇਲਿਆਂ ’ਚ ਭੀੜ ਹੈ ਉਦਾਸੀਆਂ ਦੀ
ਭੁੱਖ ਦਿਆਂ ਮੋਢਿਆਂ ’ਤੇ ਪਿਆਸ ਹੱਥ ਰੱਖਦੀ
ਤੇਹ ਦੀਆਂ ਪੈਲੀਆਂ ਦੇ, ਖੱਪੇ ਸਾਰੇ ਭਰ ਜਾਣ
ਜਾਦੂ ਜਿਹਾ ਵਰ੍ਹਦਾ ਕਮਾਲ ਕਿੱਥੋਂ ਆਏਗਾ

ਬੜੇ ਹੀ ਸੁਆਲ ਨੇ ਚੁਫ਼ੇਰੇ ਵਿਚ ਘੁੰਮਦੇ
ਝੀਤਾਂ ਦੇ ਬਹਾਨੇ ਨੇ, ਜੁਆਬ ਸਾਰੇ ਲੁਕਦੇ
ਉਹਲਿਆਂ ’ਚੋਂ ਖਿੱਚ ਕੇ ਲਿਆਵੇ ਜੋ ਜੁਆਬ ਸਾਰੇ
ਇੰਜ ਦਾ ਸੁਲੱਖਣਾ ਸਵਾਲ ਕਿੱਥੋਂ ਆਏਗਾ

ਅਜੇ ਵੀ ਨੇ ਰਿਸ਼ਤੇ ਬਰੂਹਾਂ ਵਿਚੋਂ ਝਾਕਦੇ
ਅਜੇ ਵੀ ਨੇ ਖੰਡਰਾਂ ’ਚ ਸਾਂਝ ਦੇ ਨਿਸ਼ਾਨ ਬਚੇ
ਮੋਹ ਵਾਲੀ ਦੱਬੀ ਹੋਈ ਮਿੱਟੀ ਨੂੰ ਉਛਾਲ ਦੇਵੇ
ਰਿਸ਼ਤਿਆਂ ’ਚ ਖੇਮੇ ’ਚ ਭੂਚਾਲ ਕਿੱਥੋਂ ਆਏਗਾ

ਸਮਿਆਂ ਦੇ ਪਾਣੀਆਂ ’ਚ ਸੋਚ ਦੀਆਂ ਮੱਛੀਆਂ
ਤਰਦੀਆਂ ਡੁੱਬਦੀਆਂ ਲਹਿਰਾਂ ਨੂੰ ਫਰੋਲਦੀਆਂ

ਕੀਮਤਾਂ ਵਿਕਾਊ ਨੇ, ਬਾਜ਼ਾਰ ਹੈ ਖ਼ਰੀਦਦਾਰ
ਬਾਜ਼ਾਰ ਨੂੰ ਜੋ ਫਾਹੇ, ਐਸਾ ਜਾਲ ਕਿੱਥੋਂ ਆਏਗਾ

ਦੂਰ ਤੱਕ ਜ਼ਿੰਦਗੀ ਨੇ ਤੁਰ ਕੇ ਵੀ ਤੱਕਿਆ
ਦੇਰ ਤੱਕ ਹੱਥਾਂ ਨੇ ਹਨੇਰਿਆਂ ਨੂੰ ਝੱਟਿਆ
ਸਮੇਂ ਕੋਲੋਂ ਜ਼ਿੰਦਗੀ ਲਈ ਰੌਸ਼ਨੀ ਖ਼ਰੀਦ ਲਈਏ
ਜਿੰਦ ਤੋਂ ਵਧੇਰੇ ਮਹਿੰਗਾ ਮਾਲ ਕਿੱਥੋਂ ਆਏਗਾ

ਮੇਰੇ ਗੀਤ ਰੋਕਦੇ ਨੇ ਮੈਨੂੰ ਸੁਰ ਵੱਲ ਜਾਣੋ
ਕਿ ਉੱਖੜੇ ਜਿਹੇ ਸਾਜ਼ਾਂ ਨਾਲ ਤਾਲ ਕਿੱਥੋਂ ਆਏਗਾ
ਜੋੜ ਸਾਰੇ ਢਿੱਲੇ ਢਿੱਲੇ ਬੇਦਿਲੇ ਤਾਰ ਨੇ
ਸੁਰ ਕੋਈ ਸ਼ਬਦਾਂ ਦੇ ਨਾਲ ਕਿੱਥੋਂ ਆਏਗਾ

◆

## ਗੀਤਾਂ ਦੀ ਉਦਾਸ ਰੂਹੇ

ਮੇਰੇ ਗੀਤਾਂ ਦੀ ਉਦਾਸ ਰੂਹੇ ਦੱਸ ਅੜੀਏ
ਕਿਵੇਂ ਜੀਣ ਵਾਲੀ ਸੁਰ ਅਸੀਂ ਹੱਥ ਫੜੀਏ

ਨਿੱਤ ਸੋਚ ਰਹਿੰਦੀ, ਉਧੜੇ ਲਿਬਾਸ ਸਿਲਦੀ
ਗੁੰਮ ਤੰਦਾਂ ਦੀ ਵੀ ਕਿਧਰੇ ਨਾ ਰਾਸ ਮਿਲਦੀ
ਕਿੰਜ ਜ਼ਿੰਦਗੀ ਦੇ ਖੁੱਸੇ ਜਾਂਦੇ ਲੜ ਫੜੀਏ, ਮੇਰੇ...

ਸਾਡੇ ਰੰਗਾਂ ਦੇ ਸਰੂਪ ਹੀ ਚੁਰਾਏ ਚਾਨਣਾਂ
ਕਿਵੇਂ ਅੱਖੀਆਂ ਨੇ ਚਾਨਣਾਂ ਦਾ ਸੰਗ ਮਾਨਣਾਂ
ਨਿੱਤ ਧੁੱਪ ਦੀਆਂ ਪਰਤਾਂ ਦੇ ਨਾਲ ਲੜੀਏ, ਮੇਰੇ...

ਤੂੰ ਤਾਂ ਆਪਣੇ ਵਰੋਲਿਆਂ 'ਚ ਜੀਣ ਸਿੱਖ ਗਈ
ਸੁਰ ਆਪਣੀ ਉਦਾਸੀਆਂ ਦੇ ਨਾਮ ਲਿਖ ਗਈ
ਕਦੇ ਰੁਕ ਕੇ ਹਵਾਵਾਂ ਨਾਲ ਲੜ ਅੜੀਏ, ਮੇਰੇ...

ਚੱਲ ਉੱਠ ਕੇ ਵੀਰਾਨੀਆਂ ਦੇ ਵਾਰ ਤੋਲੀਏ
ਸਾਹਵੇਂ ਜ਼ਿੰਦਗੀ ਦੇ ਆਪਣਾ ਜਵਾਰ ਟੋਲੀਏ
ਇਸੇ ਵਹਿਣ ਵਿਚ ਜ਼ਿੰਦਗੀ ਦੀ ਨਸ ਫੜੀਏ, ਮੇਰੇ...

ਆਪਣਿਆਂ ਰੰਗਾਂ ਦੇ ਵੀ ਤਾਰ ਕਦੇ ਫੋਲ
ਪੱਤਝੜ ਦੀਆਂ ਤਹਿਆਂ 'ਚੋਂ ਬਹਾਰ ਕਦੇ ਟੋਲ
ਟੁੱਟੇ ਸਾਹਾਂ ਵਿਚ ਜ਼ਿੰਦਗੀ ਦਾ ਨਗ ਜੜੀਏ, ਮੇਰੇ...

ਮੇਰੇ ਗੀਤਾਂ ਦੀ ਉਦਾਸ ਰੂਹੇ ਦੱਸ ਅੜੀਏ
ਕਿਵੇਂ ਜੀਣ ਵਾਲੀ ਸੁਰ ਅਸੀਂ ਹੱਥ ਫੜੀਏ।

◆

## ਸੋਚ ਦੀ ਡਾਚੀ ਤੂੰ ਸੁਣ

ਸੋਚ ਦੀ ਡਾਚੀ ਤੂੰ ਸੁਣ
ਮਨ ’ਚ ਖਿੱਲਰੇ ਕੱਚ ਨੂੰ ਚੁਣ
ਉਹਨੂੰ ਚਿਣ ਕੇ ਸ਼ਮ੍ਹਾਦਾਨ ਘੜ
ਫਿਰ ਉਸ ਲਈ ਚਾਨਣ ਵੀ ਬੁਣ

ਨਜ਼ਰ ਦੇ ਚਾਨਣੇ ਚਿਰਾਗ਼
ਨਿਚੋੜ ਆਪਣਾ ਹੀ ਵੈਰਾਗ਼
ਨ੍ਹੇਰਿਆਂ ਸੰਗ ਖਹਿਣ ਦੇ
ਉਹਨੂੰ ਲਾ ਕੇ ਜੁਗਨੂੰਆਂ ਦੀ ਲਾਗ

ਮੇਰੇ ਉਦਾਸ ਗੀਤ ਉੱਠ
ਨਾ ਟੋਟੇ ਟੋਟੇ ਹੋ ਕੇ ਕੁੱਠ
ਸੋਮਨ ਕਰ ਆਪਣੇ ਨਾਦ ਨੂੰ
ਦੇ ਕੇ ਚੜ੍ਹੇ ਚੇਤਰ ਦੀ ਪੁੱਠ

ਮੇਰੇ ਸਾਹਾਂ ਅੰਦਰ ਵੱਸੀ ਸਿੱਲ੍ਹ
ਵਗਦੀ ਹਵਾ ਨੂੰ ਜਾ ਕੇ ਮਿਲ
ਜ਼ਿੰਦਗੀ ਦਾ ਰਾਗ ਛਿੜਨ ਦੇ
ਗੀਤਾਂ ਉੱਤੋਂ ਜੰਗਾਲ ਛਿੱਲ

ਮੇਰੇ ਆਪੇ, ਧੜਕਣਾਂ ਨੂੰ ਛਾਣ
ਆਪਣੇ ਹੀ ਰੰਗ ਦੀ ਦੇ ਕੇ ਪਾਣ
ਆਪਣੇ ਰੰਗ ਦੇ ਫੁੱਲ ਖਿੜਾ
ਆਪਣੀ ਹੋਂਦ ਦੇ ਹੀ ਤਾਣ

ਸਾਹਾਂ ਲਈ ਆਈ ਹਵਾ
ਧੂਣੀ ਕੋਈ ਨਵੀਂ ਧੁਖਾ

ਮਰਨ ਰੁੱਤ ਨੂੰ ਸਾੜ ਕੇ
ਬਣ ਜਾ ਜੀਣ ਦੀ ਦੁਆ

ਸੋਚ ਦੀ ਡਾਚੀ ਤੂੰ ਸੁਣ
ਮਨ 'ਚ ਖਿੱਲਰੇ ਕੱਚ ਨੂੰ ਚੁਣ
ਉਹਨੂੰ ਚਿਣ ਕੇ ਸ਼ਮ੍ਹਾਦਾਨ ਘੜ
ਫਿਰ ਉਸ ਲਈ ਚਾਨਣ ਵੀ ਬੁਣ

◆

## ਮੇਰੇ ਖ਼ਿਆਲੋ ਸੁਰ ਚੁਣੋ

ਮੇਰੇ ਖ਼ਿਆਲੋ ਸੁਰ ਚੁਣੋ
ਇਕ ਗੀਤ ਦਾ ਮੁਖੜਾ ਬੁਣੋ
ਉਹਦੀ ਹਰ ਸਤਰ ਦੇ ਵਾਸਤੇ
ਮਨਾਂ ਦੀ ਪੀੜ ਹੀ ਪੁਣੋ...ਮੇਰੇ ਖ਼ਿਆਲੋ...

ਜਿੰਦਾਂ 'ਚੋਂ ਲੈ ਉਦਾਸੀਆਂ
ਪੌਣਾਂ ਫਿਰਨ ਹਿਰਾਸੀਆਂ
ਇਸ ਦੁਖਦੀ ਦੁਖਦੀ ਪੌਣ ਦੇ
ਸਾਹਾਂ ਦੀਆਂ ਹਾਵਾਂ ਪੁਣੋ...ਮੇਰੇ ਖ਼ਿਆਲੋ...

ਅਸਾਂ ਬੀਜ ਪਾਏ ਸਾਹਾਂ ਦੇ
ਉੱਗੇ ਬਿਰਖ ਗਲ-ਫਾਹਾਂ ਦੇ
ਐਸੇ ਅਜੀਬ ਦੌਰ ਵਿਚ
ਮਿੱਟੀ ਦਾ ਹੁਣ ਰੁਦਨ ਸੁਣੋ...ਮੇਰੇ ਖ਼ਿਆਲੋ...

ਸਾਡੇ ਵੇਲਿਆਂ ਨੂੰ ਡੰਗਦੇ
ਪਰਛਾਵਿਆਂ ਦੇ ਰੰਗ ਦੇ
ਰੁੱਤਾਂ ਨੂੰ ਲੱਗੇ ਰੋਗ ਲਈ
ਕਿਸੇ ਟੂਣੇ ਦੇ ਅੱਖਰ ਖੁਣੋ...ਮੇਰੇ ਖ਼ਿਆਲੋ...

ਨਫ਼ਰਤਾਂ ਦੇ ਰਾਗ ਵਿਚ
ਪੀੜਾਂ ਦੇ ਸੰਘਣੇ ਬਾਗ਼ ਵਿਚ
ਖਿੱਲਰ ਕੇ ਗੁੰਮੀ ਜ਼ਿੰਦਗੀ ਦਾ
ਤਾਣਾ ਬਾਣਾ ਫਿਰ ਬੁਣੋ...ਮੇਰੇ ਖ਼ਿਆਲੋ...

ਮੇਰੇ ਖ਼ਿਆਲੋ ਸੁਰ ਚੁਣੋ
ਇਕ ਗੀਤ ਦਾ ਮੁੱਖੜਾ ਚੁਣੋ
ਉਹਦੀ ਹਰ ਸਤਰ ਦੇ ਵਾਸਤੇ
ਮਨਾਂ ਦੀ ਪੀੜ ਹੀ ਪੁਣੋ...ਮੇਰੇ ਖ਼ਿਆਲੋ...

◆

## ਮਨ ਦੀਏ ਭਰ ਭਰ ਵਗਦੀਏ ਨਦੀਏ

ਮਨ ਦੀਏ ਭਰ ਭਰ ਵਗਦੀਏ ਨਦੀਏ
ਆਪਣੀ ਵੀ ਲੈ ਕੁਝ ਸਾਰ ਨੀ
ਭੁਰ ਭੁਰ ਦੁਖਣ ਕਿਨਾਰੇ ਤੇਰੇ
ਸਾਂਭ ਛੱਲਾਂ ਦੇ ਵਾਰ ਨੀ

ਤੱਕ ਨੀ ਅੱਥਰੂਆਂ ਭਰੀਏ ਨਦੀਏ
ਅੰਦਰ ਆਪਣੇ ਆਪ
ਇਕ ਅਹਿਸਾਸ ਦੇ ਪਲ ਦੀ ਖ਼ਾਤਰ
ਉਮਰਾਂ ਦਾ ਵਿਰਲਾਪ
ਇਸ ਪਲ ਦੀ ਮਿੱਟੀ ਹੀ ਮੋਈ
ਆਪਣੇ ਘਰ ਵਿਚਕਾਰ ਨੀ...ਮਨ ਦੀਏ...

ਨਾ ਤਾਂ ਕਦੇ ਤੂੰ ਚੰਨ ਹੀ ਮੰਗਿਆ
ਨਾ ਮੰਗਿਆ ਅਸਮਾਨ ਨੀ
ਫਿਰ ਵੀ ਟੁੱਟ ਟੁੱਟ ਕਿਰਦੇ ਤਾਰੇ
ਕਿਸ 'ਤੇ ਹੋ ਕੁਰਬਾਨ ਨੀ
ਕਿਹੜੇ ਦੋਸ਼ਾਂ ਬਦਲੇ ਤੇਰਾ
ਵੇਲਿਆਂ ਸੰਗ ਤਕਰਾਰ ਨੀ...ਮਨ ਦੀਏ...

ਨਿੱਤ ਪੁੱਛਦੇ ਨੇ ਸਾਨੂੰ ਸਖੀਏ
ਸਾਡੇ ਆਪਣੇ ਸਾਏ
ਕਿਸ ਸਰਾਪ ਦੇ ਪਰਬਤ ਉੱਤੋਂ
ਲੇਖ ਲਿਖਾ ਤੁਰ ਆਏ
ਆਪਣੇ ਹੀ ਪਾਣੀ ਵਿਚ ਦੇਈਏ
ਗ਼ਮ ਦੀ ਕਿਸ਼ਤੀ ਤਾਰ ਨੀ...ਮਨ ਦੀਏ...

ਖ਼ਬਰੇ ਕਿਹੜੇ ਜੰਗਲ ਪਰਬਤ
ਵਲ਼ੀ ਵਲੇਵੀਂ ਵਹਿੰਦੀ ਰਹਿੰਦੀ

ਕਦੇ ਥਲਾਂ ਦੀ ਰੇਤ ਵਿਚਾਲੇ
ਮੱਠੀ ਮੱਠੀ ਖਹਿੰਦੀ ਰਹਿੰਦੀ
ਲੈ ਕੇ ਪੱਥਰ ਗੀਟੇ ਸਾਰੇ
ਆਪਣੀ ਰੌਅ ਵਿਚਕਾਰ ਨੀ...ਮਨ ਦੀਏ...

ਸਦੀਆਂ ਪਲ ਤੇ ਪਲਾਂ ਤੋਂ ਸਦੀਆਂ
ਆਪਣੇ ਅੰਦਰ ਹੰਢਦੇ ਹੰਢਦੇ
ਰੰਗਾਂ ਦੇ ਸੰਸਾਰ ਉਲੀਕੇ
ਸਮਿਆਂ ਤਾਈਂ ਵੰਡਦੇ ਵੰਡਦੇ
ਆਖ਼ਰਕਾਰ ਰਿਹਾ ਸਮਿਆਂ ਨਾ
ਰੰਗਾਂ ਤੇ ਇਤਬਾਰ ਨੀ...ਮਨ ਦੀਏ...

ਨਿੱਕੇ ਨਿੱਕੇ ਅੱਥਰੇਪਣ ਪਿੱਛੋਂ
ਵਾਰ ਵਾਰ ਵੈਰਾਗੀ ਹੋਣਾ
ਕਦੇ ਬਚਾਉਣੇ ਕੰਢੇ ਆਪਣੇ
ਕਦੇ ਉਨ੍ਹਾਂ ਤੋਂ ਬਾਗ਼ੀ ਹੋਣਾ
ਦੱਸ ਆਖ਼ਰ ਸਾਗਰ ਵੀ ਕਿਹੜਾ
ਤੈਨੂੰ ਸਕੇ ਸਹਾਰ ਨੀ...ਮਨ ਦੀਏ...

ਮਨ ਦੀਏ ਭਰ ਭਰ ਵਗਦੀਏ ਨਦੀਏ
ਆਪਣੀ ਵੀ ਲੈ ਕੁਝ ਸਾਰ ਨੀ
ਭੁਰ ਭੁਰ ਦੁਖਣ ਕਿਨਾਰੇ ਤੇਰੇ
ਸਾਂਭ ਛੱਲਾਂ ਦੇ ਵਾਰ ਨੀ...

◆

## ਅੰਬਰ ਤੂੰ ਇਸ ਤਰ੍ਹਾਂ

ਇਕ ਚੰਨ ਮਨ ਦੇ ਪਾਣੀਆਂ ਦੀ
ਨਜ਼ਰੀਂ ਤਾਰ ਦੇਹ
ਅੰਬਰ ਇਵੇਂ ਬੇਤਾਲ ਥਿਰਕਣ
ਨੂੰ ਨੁਹਾਰ ਦੇਹ

ਪਾਣੀਆਂ ਦੇ ਮੁੱਖ 'ਤੇ
ਚਾਨਣੀ ਇਵੇਂ ਉਤਾਰ
ਮਖ਼ਮਲੀ ਜਹੀ ਛੁਹ ਤੇਰੀ ਦੀ
ਹੈ ਜਿਵੇਂ ਨੁਹਾਰ
ਲਹਿਰਾਂ ਦੀਆਂ ਬੇਚੈਨੀਆਂ ਵਿਚ
ਰਚ ਕੇ ਠਾਰ ਦੇਹ...ਇਕ ਚੰਨ...

ਸੰਵਾਦ ਕਰ ਤੂੰ ਮਨ 'ਚ ਰਚ ਗਏ
ਨ੍ਹੇਰਿਆਂ ਦੇ ਨਾਲ
ਸੰਵਾਦ ਕਰ ਇਨ੍ਹਾਂ ਦੇ ਮਨ 'ਚ
ਫੇਰਿਆਂ ਦੇ ਨਾਲ
ਇਨ੍ਹਾਂ 'ਚ ਭਟਕੇ ਸੁਪਨਿਆਂ ਨੂੰ
ਰਾਹ ਦੀ ਸਾਰ ਦੇਹ...ਇਕ ਚੰਨ...

ਚਾਨਣੀ ਰੰਗ ਰੱਤੀਆਂ ਲਹਿਰਾਂ
ਰਾਣੀਆਂ ਨੂੰ ਛੁਹ
ਇਨ੍ਹਾਂ ਮੁਸਾਫ਼ਰਾਂ ਦੀਆਂ
ਕਹਾਣੀਆਂ ਨੂੰ ਛੁਹ
ਕਿਤੇ ਨਾ ਪਹੁੰਚੇ ਇਨ੍ਹਾਂ ਦੇ
ਸਫ਼ਰਾਂ ਨੂੰ ਠਾਹਰ ਦੇਹ...ਇਕ ਚੰਨ...

ਚਾਨਣੀ ਵਿਚ ਚੁੱਪ ਸੁੱਤੇ
ਤਾਰਿਆਂ ਨੂੰ ਛੁਹ

ਸਹਿਮੀ ਟਿਮਕ ਦੇ ਅਣਕਹੇ
ਇਸ਼ਾਰਿਆਂ ਨੂੰ ਛੂਹ
ਇਨ੍ਹਾਂ ਦੇ ਮੂਕ ਦਰਦ ਨੂੰ
ਤਿੱਖੀ ਜਿਹੀ ਧਾਰ ਦੇਹ...ਇਕ ਚੰਨ...

ਦਰਦ ਦੀ ਦਵਾ ਤਾਂ ਹੋਣਾ
ਦਰਦ ਹੀ ਸਦਾ
ਪੀਣਾ ਵੀ ਜਿੰਦ ਦੇ ਹੀ ਹੌਕੇ
ਸਰਦ ਨੇ ਸਦਾ
ਹੁਣ ਏਸ ਜਿੰਦ 'ਤੇ ਦਰਦ ਦਾ
ਇਕ ਹੋਰ ਵਾਰ ਦੇਹ...ਇਕ ਚੰਨ...

ਇਕ ਚੰਨ ਮਨ ਦੇ ਪਾਣੀਆਂ ਦੀ
ਨਜ਼ਰੀਂ ਤਾਰ ਦੇਹ
ਅੰਬਰ ਇਵੇਂ ਬੇਤਾਲ ਥਿਰਕਣ
ਨੂੰ ਨੁਹਾਰ ਦੇਹ...

◆

## ਖ਼ੁਦ ਤੋਂ ਬੇਦਖਲੀ ਦੇ ਪਲ ਵਿਚ

ਖ਼ੁਦ ਤੋਂ ਬੇਦਖਲੀ ਦੇ ਪਲ ਵਿਚ
ਜ਼ਿੰਦਗੀ ਤੈਨੂੰ ਕੀ ਵਰਚਾਵਾਂ
ਸਾਡੇ ਨਾਲ ਨਾ ਤੁਰਿਆ ਸਖੀਏ
ਸਾਡਾ ਆਪਣਾ ਹੀ ਪਰਛਾਵਾਂ

ਪੈਰ ਰਹੇ ਸਿੱਖਦੇ ਤੁਰਨਾ ਬੱਸ
ਉੱਘੜੇ ਦੁੱਘੜੇ ਰਾਹਾਂ 'ਤੇ ਹੀ
ਹੱਥ ਲਿਖਦੇ ਰਹੇ ਨਾਮ ਤੇਰਾ ਬੱਸ
ਖਿਲਰੇ ਪੁੱਲਰੇ ਸਾਹਾਂ 'ਤੇ ਹੀ
ਏਸੇ ਨੂੰ ਕੋਈ ਕਹਿ ਲਏ ਜੀਣਾ
ਜਾਂ ਫਿਰ ਜਾਣਾਂ ਬੀਤ ਨਿਥਾਵਾਂ...ਖ਼ੁਦ ਤੋਂ...

ਨਾ ਤਾਂ ਕਿਤੇ ਪਗਡੰਡੀ ਕੋਈ
ਨਾ ਚਾਨਣ ਦੀ ਦਿਸ਼ਾ ਹੀ ਕੋਈ
ਨਾ ਰਾਹੀ ਨਾ ਰਾਹ ਦਸੇਰਾ
ਨਾ ਪੁੱਛਣ ਲਈ ਵਿਸ਼ਾ ਹੀ ਕੋਈ
ਐਸੇ ਰੋਲ਼ ਘਚੋਲ਼ੇ ਅੰਦਰ
ਸਮਝ ਨਾ ਆਈ ਕਿਧਰ ਜਾਵਾਂ...ਖ਼ੁਦ ਤੋਂ...

ਬਹੁਤ ਉਦਾਸ ਹਵਾਵਾਂ ਮਿਲੀਆਂ
ਚੁੱਪ ਚਾਪ ਜਿਹੇ ਵਹਿੰਦੇ ਪਾਣੀ
ਆਪਣੀ ਚੁੱਪ ਵਿਚ ਤੁਰਦੀ ਤੁਰਦੀ
ਮੂਕ ਸੁਬਕਦੀ ਰਹੀ ਕਹਾਣੀ
ਇਹ ਸਭ ਕੁਝ ਮੈਂ ਕਿਸ ਬੋਲੀ ਵਿਚ
ਸਮਝ ਨਾ ਆਵੇ ਕਿੰਜ ਸੁਣਾਵਾਂ...ਖ਼ੁਦ ਤੋਂ...

ਖ਼ੁਦ ਵਿਚ ਉਲਝੀਆਂ ਪੌਣਾਂ ਵਿਚੋਂ
ਮਰਨੋਂ ਬਚੇ ਸਾਹਾਂ ਨੂੰ ਚੁਣਿਆ

ਉਨ੍ਹਾਂ ਉੱਤੇ ਲਿਖਿਆ ਜ਼ਿੰਦਗੀ
ਫਿਰ ਆਪਣੇ ਹੀ ਵਿਚੋਂ ਪੁਣਿਆ
ਉਸ ਨੂੰ ਘੁੱਟ ਘੁੱਟ ਪੀਂਦੇ ਹੋਏ
ਢਲ ਚੱਲਿਆ ਦਿਨ ਦਾ ਪਰਛਾਵਾਂ...ਖ਼ੁਦ ਤੋਂ...

ਆਪਣੇ ਲਈ ਮੁਖੌਟੇ ਸਿਰਜੇ
ਕਦੇ ਸਾਂ ਆਪ ਮੁਖੌਟਿਆਂ ਖ਼ਾਤਰ
ਖ਼ੁਦ ਦੇ ਤੰਬੂ ਅੰਦਰ ਹੋਏ
ਆਪਣੀ ਹਮਦਰਦੀ ਦੇ ਪਾਤਰ
ਇਸ ਬੇਬਾਕ ਇਕੱਲੇਪਣ ਦੇ
ਰਿਸ਼ਤੇ ਦਾ ਹੈ ਕੀ ਸਿਰਨਾਵਾਂ...

ਖ਼ੁਦ ਤੋਂ ਬੇਦਖਲੀ ਤੇ ਪਲ ਵਿਚ
ਜ਼ਿੰਦਗੀ ਤੈਨੂੰ ਕੀ ਵਰਚਾਵਾਂ
ਸਾਡੇ ਨਾਲ ਨਾ ਤੁਰਿਆ ਸਖੀਏ
ਸਾਡਾ ਆਪਣਾ ਹੀ ਪਰਛਾਵਾਂ

◆

## ਸੁਣ ਬੱਦਲੀਏ ਸਾਂਵਲੀਏ ਨੀ

ਸੁਣ ਬੱਦਲੀਏ ਸਾਂਵਲੀਏ ਨੀ
ਏਸ ਨਗਰ ਰੁਕ ਜਾਹ
ਸਾਡੇ ਰੁੱਸ ਗਏ ਸਾਵਣ ਨੂੰ
ਕਿਤਿਓਂ ਮੋੜ ਲਿਆ

ਏਸ ਨਗਰ ਦੀ ਰੀਤ ਨਿਰਾਲੀ
ਜੀਣ ਦਾ ਕਾਲ ਪਿਆ
ਹਰ ਇਕ ਮੋੜ ’ਤੇ ਮੌਤ ਦਾ ਪਹਿਰਾ
ਬੰਦੇ ਜਾਂਦੀ ਖਾ
ਇਸ ਦੇ ਸਭ ਪਰਛਾਵੇਂ ਪੈੜਾਂ
ਧੋਂਦੀ ਧੋਂਦੀ ਜਾਹ
ਧਰਤੀ ਦੇ ਤਪਦੇ ਹਿਰਦੇ ’ਤੇ
ਛਮ ਛਮ ਕਣੀਆਂ ਪਾ...ਸੁਣ ਬੱਦਲੀਏ...

ਏਸ ਨਗਰ ਦੀਆਂ ਮਾਂਵਾਂ ਪੱਲੇ
ਕੌਣ ਵੈਣ ਗਿਆ ਪਾ
ਭੈਣਾਂ ਹੱਥੀ ਫੜੀ ਰੱਖੜੀ ਨੂੰ
ਤੋੜ ਕੇ ਕੌਣ ਗਿਆ
ਰਿਸ਼ਤਿਆਂ ਦੇ ਖਿੱਲਰੇ ਧਾਗੇ
ਚੁੱਕੀ ਫਿਰਦੀ ਵਾਅ
ਤ੍ਰਿਹਾਈ ਮਿੱਟੀ ਨੂੰ ਮੋਹ ਦੀ
ਕਿਣਮਿਣ ਨਾਲ ਨੁਹਾ...ਸੁਣ ਬੱਦਲੀਏ...

ਆਸਾਂ ਨੂੰ ਸਮਿਆਂ ਨੇ ਮਿੱਧਿਆ
ਚਾਅ ਵਰੋਲ਼ਣ ਸਾਹ
ਪੌਣ ਸਰਾਪੀ, ਜ਼ਹਿਰੀ ਪਾਣੀ
ਨਸ਼ਿਆਂ ਪੂੰਝੇ ਰਾਹ

ਦੁੱਖਾਂ ਮਾਰੀ ਧਰਤੀ ਉੱਤੇ
ਐਸੀ ਛਹਿਬਰ ਲਾ
ਲੇਖਾਂ ’ਚੋਂ ਹਰ ਪੀੜ ਦਾ ਗਰਦਾ
ਧੋਂਦੀ ਧੋਂਦੀ ਜਾਹ...ਸੁਣ ਬੱਦਲੀਏ...

ਇਸ ਧਰਤੀ ਦੇ ਪੀਂਘ ਪੰਘੂੜੇ
ਕਿਧਰੇ ਗਏ ਵਿਹਾਅ
ਮਨ ਅੰਬਰ ਦੀ ਸਤਰੰਗੀ ਨੂੰ
ਵੇਲਾ ਪੂੰਝ ਗਿਆ
ਹੁਣ ਜ਼ਿੰਦਗੀ ਦੇ ਰੰਗ ਚੁਣ ਸਖੀਏ
ਨਵ ਸਤਰੰਗੀ ਵਾਹ
ਇਸ ਤ੍ਰਿਹਾਈ ਧਰਤੀ ਨੂੰ ਤੂੰ
ਰੰਗਾਂ ਨਾਲ ਨੁਹਾਅ...

ਸੁਣ ਬੱਦਲੀਏ ਸਾਂਵਲੀਏ ਨੀ
ਏਸ ਨਗਰ ਰੁਕ ਜਾਹ
ਸਾਡੇ ਰੁੱਸ ਗਏ ਸਾਵਣ ਨੂੰ
ਕਿਤਿਓਂ ਮੋੜ ਲਿਆ

◆

## ਇਸ ਸਾਵਣ ਨਾ ਆਈਂ

ਇਸ ਸਾਵਣ ਨਾ ਆਈਂ ਮੇਰੇ ਸਾਹਿਬਾ
ਇਹ ਸਾਵਣ ਖ਼ੁਦ ਪਿਆਸਾ
ਲੂਸ ਰਿਹਾ ਏ ਸੀਨੇ ਇਸ ਦੇ
ਹਰ ਸੁਪਨਾ ਇਕਵਾਸਾ

ਇਸ ਸਾਵਣ ਤਾਂ ਰੁੱਸੀ ਜਿੰਦੜੀ
ਮੌਤ ਨੂੰ ਕਰੇ ਇਸ਼ਾਰੇ
ਦੁੱਖ ਦੇ ਗਹਿਰੇ ਬੱਦਲਾਂ ਪੂੰਝੇ
ਆਸਾਂ ਦੇ ਸਭ ਤਾਰੇ
ਸਾਡੀ ਮਿੱਟੀ ਦੇ ਅੰਦਰ ਹੀ
ਮਰ ਜਾਂਦਾ ਹਰ ਹਾਸਾ...ਇਸ ਸਾਵਣ...

ਚਾਨਣ ਵਿਚ ਨਾ ਘੁਲਦੀਆਂ ਕਿਧਰੇ
ਛਹਿਬਰ ਦੀਆਂ ਫੁਹਾਰਾਂ
ਖ਼ੁਸ਼ਕ ਹਨੇਰੇ ਦੀ ਬੁੱਕਲ਼ ਵਿਚ
ਕੁੱਸਦੇ ਰੰਗ ਹਜ਼ਾਰਾਂ
ਬੱਸ ਨ੍ਹੇਰਾ ਹੀ ਖੇਡੇ ਹਰਦਮ
ਸੁੱਟ ਕੇ ਆਪਣਾ ਪਾਸਾ...ਇਸ ਸਾਵਣ...

ਇਸ ਸਾਵਣ ਹਰਿਆਲੀ ਸਾਰੀ
ਫ਼ਿਕਰਾਂ ਲੋਆਂ ਸਾੜੀ
ਇਹ ਬੇਦਰਦਾ ਮੌਸਮ ਜਾਵੇ
ਜੀਣ ਦੀ ਫ਼ਸਲ ਉਜਾੜੀ
ਰਿਮ ਝਿਮ ਮੰਗਦੀ ਜ਼ਿੰਦਗੀ ਦਾ
ਤੇਹਾਂ ਦੇ ਘਰ ਵਿਚ ਵਾਸਾ...ਇਸ ਸਾਵਣ...

ਸਾਡੇ ਹਿੱਸੇ ਆਈਆਂ ਧਰਤੀ
ਅੰਬਰ ਦੀਆਂ ਰੁਸਵਾਈਆਂ

ਵੇਲੇ ਦੇ ਲਾਰੇ ਦੀਆਂ ਰਮਜ਼ਾਂ
ਸਾਨੂੰ ਸਮਝ ਨਾ ਆਈਆਂ
ਸਾਡੀਆਂ ਸੁਣਨ ਵਾਲੇ ਦਾ ਖ਼ਬਰੇ
ਕਿਹੜੇ ਮੰਡਲ ਵਾਸਾ...ਇਸ ਸਾਵਣ...

ਇਸ ਸਾਵਣ ਦੇ ਵਿਹੜੇ ਸੱਜਣਾਂ
ਰੋਂਦੀਆਂ ਫਿਰਨ ਬਹਾਰਾਂ
ਖ਼ਬਰੇ ਉਹ ਸਾਵਣ ਕਦ ਆਵੇ
ਜਿਸ ਨੂੰ 'ਵਾਜਾਂ ਮਾਰਾਂ
ਏਸੇ ਸਾਵਣ ਆ ਜਾ ਸਾਹਿਬਾ
ਕੱਲ੍ਹ ਦਾ ਕੀ ਭਰਵਾਸਾ...

ਇਸ ਸਾਵਣ ਨਾ ਆਈਂ ਮੇਰੇ ਸਾਹਿਬਾ
ਇਹ ਸਾਵਣ ਖ਼ੁਦ ਪਿਆਸਾ
ਲੂਸ ਰਿਹਾ ਏ ਸੀਨੇ ਇਸ ਦੇ
ਹਰ ਸੁਪਨਾ ਇਕਵਾਸਾ

◆

## ਜਦੋਂ ਇਹ ਲੱਗ ਰਿਹਾ ਹੁੰਦਾ

ਜਦੋਂ ਇਹ ਲੱਗ ਰਿਹਾ ਹੁੰਦਾ
ਕਿਸੇ ਨੂੰ ਯਾਦ ਕਰਦੇ ਹਾਂ
ਕਿਸੇ ਅੰਦਰ ਦੀ ਖਾਈ ਦਾ
ਉਦੋਂ ਅਨੁਵਾਦ ਕਰਦੇ ਹਾਂ

ਬਣਾ ਕੇ ਬੁੱਤ ਸੋਚਾਂ ਦੇ
ਉਨ੍ਹਾਂ ਨੂੰ ਸਾਂਭ ਕੇ ਅੰਦਰ
ਉਨ੍ਹਾਂ ਨਾਲ ਗੱਲ ਕਰਕੇ
ਸੁੰਨ ਵਿਚ ਵਿਸਮਾਦ ਭਰਦੇ ਹਾਂ

ਕੈਸਾ ਮਸਲਾ ਹੈ ਦਿਲ ਦਾ
ਅਵੱਲਾ ਰਿਸ਼ਤਾ ਹੈ ਇਸ ਦਾ
ਕਦੇ ਇਸ ਨੂੰ ਤਬਾਹ ਕਰਦੇ
ਕਦੇ ਆਬਾਦ ਕਰਦੇ ਹਾਂ

ਦਮ ਘੁੱਟਦਾ ਏ ਮਨ ਅੰਦਰ
ਜੀਣਾ ਕੈਦ ਲੱਗਦੀ ਏ
ਉਸ ਮਨ ਦੀ, ਉਸੇ ਦੇ ਕੋਲ
ਫਿਰ ਫ਼ਰਿਆਦ ਕਰਦੇ ਹਾਂ

ਤਰਦੀ ਭੀੜ ਦਰਦਾਂ ਦੀ
ਯਾਦਾਂ ਦੇ ਸਮੁੰਦਰ ਵਿਚ
ਇਨ੍ਹਾਂ ਵਿਚ ਭਿੱਜੇ ਡੁੱਬੇ
ਆਪਣੇ ਅੰਦਰ ਉਤਰਦੇ ਹਾਂ

ਜਦੋਂ ਇਹ ਲੱਗ ਰਿਹਾ ਹੁੰਦਾ
ਕਿਸੇ ਨੂੰ ਯਾਦ ਕਰਦੇ ਹਾਂ
ਕਿਸੇ ਅੰਦਰ ਦੀ ਖਾਈ ਦਾ
ਉਦੋਂ ਅਨੁਵਾਦ ਕਰਦੇ ਹਾਂ

◆

## ਕਦੇ ਕਦਾਈਂ

ਕਦੇ ਕਦਾਈਂ ਚਾਨਣ ਜੁੜਦੇ
ਬੰਦੇ ਦੇ ਆਕਾਰ ਵਿਚ
ਨਾਨਕ ਬਣ ਕੇ ਉੱਤਰਦੇ ਫਿਰ
ਸਮਿਆਂ ਦੇ ਪਾਸਾਰ ਵਿਚ

ਅਜਬ ਮੁਸਾਫ਼ਰ ਇਸ ਧਰਤੀ ਦਾ
ਦੀਨ ਦੁਨੀ ਦੀ ਪੀੜਾ ਹਰਦਾ
ਯਾਰ ਰਬਾਬੀ ਸਾਥੀ ਉਸਦਾ
ਚਿੰਤਨ ਸੰਗ ਟੁਣਕਾਰ ਵਿਚ

ਦੱਸਿਆ ਹੱਥੀਂ ਕਿਰਤ ਕਮਾਉਣਾ
ਫਿਰ ਉਸ ਨੂੰ ਵੰਡ ਕੇ ਵੀ ਖਾਣਾ
ਸੁੱਚੀ ਜੀਵਨ ਜਾਚ ਕੀ ਹੋਵੇ
ਬੰਦੇ ਦੇ ਕਿਰਦਾਰ ਵਿਚ

ਅੰਬਰ ਨੂੰ ਇਕ ਥਾਲ ਬਣਾ ਕੇ
ਚੰਨ ਸੂਰਜ ਦੇ ਦੀਪ ਜਗਾ ਕੇ
ਖੰਡ ਮੰਡਲਾਂ ਦਾ ਰਾਗ ਸਿਰਜਿਆ
ਕੁਦਰਤ ਦੇ ਪਰਸਾਰ ਵਿਚ

ਜਿਸ ਕਰਤੇ ਦੀ ਗਾਈ ਬਾਣੀ
ਉਸੇ ਨੂੰ ਕਹੀ ਬਾਬਰ ਵਾਣੀ
ਤੈਂ ਕੀ ਦਰਦ ਨਾ ਆਇਆ ਪੁੱਛ ਕੇ
ਉਸੇ ਦੇ ਦਰਬਾਰ ਵਿਚ

ਖ਼ੁਦ ਕਿਰਤੀ ਖੇਤਾਂ ਦਾ ਹਾਲੀ
ਧਰਮ ਦੀਆਂ ਸਾਂਝਾਂ ਦਾ ਮਾਲੀ

ਸੂਤਰ ਸਹਿਜ ਉਚਾਰੇ ਨਾਲੇ
ਜੀਣਾ ਕਿੰਜ ਪਰਿਵਾਰ ਵਿਚ

ਮਾਂ ਬੋਲੀ ਦਾ ਵਾਰਸ ਵੀ ਉਹ
ਜ਼ਿੰਦਗੀ ਦਾ ਇਕ ਪਾਰਸ ਵੀ ਉਹ
ਸੁੱਚੇ ਸੋਹਜ ਦਾ ਵਹਿੰਦਾ ਝਰਨਾ
ਪੂਰਣ ਸ਼ਾਹ ਅਸਵਾਰ ਵਿਚ

ਕਦੇ ਕਦਾਈਂ ਚਾਨਣ ਜੁੜਦੇ
ਬੰਦੇ ਦੇ ਆਕਾਰ ਵਿਚ
ਨਾਨਕ ਬਣ ਕੇ ਉੱਤਰਦੇ ਫਿਰ
ਸਮਿਆਂ ਦੇ ਪਾਸਾਰ ਵਿਚ

◆

## ਮਾਂ ਬੋਲੀਏ ਨੀ

ਸਾਡੀ ਸੋਹਣੀਏ ਰਕਾਨੇ ਮਾਂ ਬੋਲੀਏ ਨੀ
ਧੀਆਂ ਪੁੱਤਾਂ ਦੀ ਵਿਸਾਰੀ ਅਣਗੌਲ਼ੀਏ ਨੀ

ਤੂੰ ਸੈਂ ਮਿੱਟੀ ਨਾਲ ਜੁੜੀ ਤੇ ਪੰਜਾਬ ਦੀ ਪੰਜਾਬੀ
ਇਹਦੇ ਦੁੱਖਾਂ, ਸੁੱਖਾਂ ਕਥਾ ਤੇ ਕਹਾਣੀਆਂ ਦੀ ਚਾਬੀ
ਠੱਪੇ ਧਰਮਾਂ ਦੇ ਲੱਗੇ ਤੇਰੀ ਚੀਰ ਫਾੜ ਹੋਈ
ਇਸ ਸੋਚ ਵਾਲੇ ਵਰਕੇ ਨੂੰ ਫੋਲੀਏ ਨੀ...ਸਾਡੀ...

ਤੂੰ ਏਂ ਏਥੇ ਸਾਰੇ ਜੰਮਦਿਆਂ ਜੀਂਦਿਆਂ ਦੀ ਮਾਂ
ਪ੍ਰਵਾਹ ਤੈਨੂੰ ਹੱਦਾਂ ਸਰਹੱਦਾਂ ਦੀ ਵੀ ਨਾ
ਤੇਰੇ ਬੱਚੜੇ ਨਾਦਾਨ, ਤੇਰੀ ਸਾਰੀ ਆਨ ਸ਼ਾਨ
ਅਸੀਂ ਸਮਿਆਂ ਦੀ ਧੂੜ ਵਿਚ ਰੋਲੀਏ ਨੀ...ਸਾਡੀ...

ਤੇਰੇ ਹੱਥਾਂ 'ਚ ਅਨੇਕ ਉਪ ਬੋਲੀਆਂ ਦੇ ਤੰਦ
ਸਾਰੇ ਸੁਰਾਂ ਦੀਆਂ ਤਾਰਾਂ ਤੇਰੇ ਸਾਹਾਂ ਵਿਚ ਬੰਦ
ਤੂੰ ਤੇ ਸੂਫ਼ੀਆਂ ਤੇ ਆਸ਼ਕਾਂ ਤੇ ਬਾਣੀ ਦੀ ਏਂ ਬੋਲੀ
ਤੇਰੇ ਮਾਣ ਦੇ ਸ਼ਬਦ ਕਿੱਥੋਂ ਟੋਲੀਏ ਨੀ...ਸਾਡੀ...

ਸਾਡੀ ਸੋਹਣੀਏ ਰਕਾਨੇ ਮਾਂ ਬੋਲੀਏ ਨੀ
ਧੀਆਂ ਪੁੱਤਾਂ ਦੀ ਵਿਸਾਰੀ ਅਣਗੌਲੀਏ ਨੀ

◆

## ਜਿਸ ਸਾਵਣ ਨੂੰ ਤਾਂਘ ਰਹੇ ਹਾਂ

ਜਿਸ ਸਾਵਣ ਨੂੰ ਤਾਂਘ ਰਹੇ ਹਾਂ
ਉਹ ਸਾਵਣ ਕਦੇ ਆਏਗਾ
ਧਰਤੀ 'ਤੇ ਜੀਂਦਾ ਹਰ ਬੰਦਾ
ਮਨ ਅੰਦਰੋਂ ਮੁਸਕਾਏਗਾ

ਆਸਾਂ ਨੂੰ ਜਦ ਫੁੱਲ ਪੈਣਗੇ
ਰੀਝਾਂ ਪੂਰੀਆਂ ਹੋਣਗੀਆਂ
ਰੋਟੀ ਦੇ ਸੁਪਨੇ ਲੈ ਜਿੰਦਾਂ
ਭੁੱਖੇ ਪੇਟ ਨਾ ਸੌਣਗੀਆਂ
ਸਾਵਣ ਦਾ ਅਸਲੀ ਸਾਵਾ ਰੰਗ
ਜ਼ਿੰਦਗੀ 'ਤੇ ਛਾ ਜਾਏਗਾ...ਜਿਸ ਸਾਵਣ...

ਇਕ ਰੁੱਤ ਆਵੇ ਤੇ ਇਕ ਜਾਵੇ
ਜ਼ਿੰਦਗੀ ਰਹੇ ਉਡੀਕਾਂ ਵਿਚ
ਔਂਸੀਆਂ ਪਾਉਂਦੀ ਲੀਕਾਂ ਗਿਣਦੀ
ਉਲਝੀ ਫਿਰੇ ਤਰੀਕਾਂ ਵਿਚ
ਕਦ ਮੌਸਮ ਰਿਮ ਝਿਮ ਵੱਸੇਗਾ
ਅਸਲੀ ਸਾਉਣ ਲਿਆਵੇਗਾ...ਜਿਸ ਸਾਵਣ...

ਜਦ ਕੁੜੀਆਂ ਦੇ ਮਨ ਦੀਆਂ ਪੀਂਘਾਂ
ਅਸਲੀ ਪੀਂਘਾਂ ਹੋਣਗੀਆਂ
ਰੁਜ਼ਗਾਰਾਂ ਨੂੰ ਲੱਭਦੀਆਂ ਪੈੜਾਂ
ਹੱਸਦੀਆਂ ਘਰਾਂ ਨੂੰ ਆਉਣਗੀਆਂ
ਜਦ ਹਾਕਮ ਲੋਕਾਂ ਦੀ ਪੀੜਾ
ਆਪਣੇ ਮਨੋ ਹੰਢਾਏਗਾ...ਜਿਸ ਸਾਵਣ...

ਛੈਲ ਜਵਾਨਾਂ ਦੇ ਸਾਹਵਾਂ ਨੂੰ
ਜਦ ਨੂੰ ਨਸ਼ੇ ਨਾ ਤੋੜਨਗੇ
ਜੀਣ ਥੀਣ ਦੇ ਚਾਅ ਉਨ੍ਹਾਂ ਨੂੰ

ਦਰਾਂ ਘਰਾਂ ਵੱਲ ਮੋੜਨਗੇ
ਖੀਰਾਂ ਪੂੜੇ ਪੀਂਘਾਂ ਦਾ ਰੰਗ
ਰੁੱਤ ਸਾਰੀ ਭਰ ਜਾਏਗਾ...ਜਿਸ ਸਾਵਣ...

ਹੱਦਾਂ ਸਰਹੱਦਾਂ ’ਤੇ ਲੋਕੀਂ
ਬਣ ਕੇ ਗੁਆਂਢੀ ਵਰਤਣਗੇ
ਜਦ ਪੌਣਾਂ ਵਿਚ ਭਟਕੇ ਸੁਪਨੇ
ਆਪਣੀ ਭੌਂਅ ਵੱਲ ਪਰਤਣਗੇ
ਫਿਰ ਕੋਈ ਬਾਬੇ ਨਾਨਕ ਵਾਂਗੂੰ
ਧਰਤੀ ਨੂੰ ਗਾਹ ਆਏਗਾ...ਜਿਸ ਸਾਵਣ...

ਉੜਾਂ ਥੁੜਾਂ ਮਾਰੇ ਅੰਨ ਦਾਤੇ
ਮੌਤ ਦੇ ਰਾਹ ਨਾ ਪੈਣ ਜਦੋਂ
ਮਿਹਨਤਕਸ਼ਾਂ ਦੀ ਦੌਲਤ ਨੂੰ
ਨਾ ਤਕੜੇ ਸਾਂਭ ਕੇ ਬਹਿਣ ਜਦੋਂ
ਫਿਰ ਧਰਤੀ ਸਰਸ਼ਾਰ ਹੋਏਗੀ
ਹਰ ਕੋਨਾ ਮਹਿਕਾਏਗਾ...ਜਿਸ ਸਾਵਣ...

ਜੋ ਸਾਵਣ ਆ ਕੇ ਨਾ ਆਏ
ਕਿੰਜ ਗੁਆਚੇ ਕਿੱਥੇ ਭਟਕੇ
ਹਾਸੇ, ਆਸਾਂ ਤੇ ਗੀਤਾਂ ਦੇ
ਤੁਰੇ ਕਾਫ਼ਲੇ ਕਿੱਥੇ ਅਟਕੇ
ਕੌਣ, ਕਿਵੇਂ ਸਾਰਾ ਕੁਝ ਸਾਡਾ
ਫਿਰ ਤੋਂ ਮੋੜ ਲਿਆਏਗਾ

ਜਿਸ ਸਾਵਣ ਨੂੰ ਤਾਂਘ ਰਹੇ ਹਾਂ
ਉਹ ਸਾਵਣ ਕਦ ਆਏਗਾ
ਧਰਤੀ ’ਤੇ ਜਦ ਜੀਂਦਾ ਹਰ ਬੰਦਾ
ਮਨ ਅੰਦਰੋਂ ਮੁਸਕਾਏਗਾ

◆

## ਸੋਚ ਨਾ ਜਿੰਦ ਮੇਰੀਏ

ਸੋਚ ਨਾ ਜਿੰਦ ਮੇਰੀਏ, ਕਿ ਐਵੇਂ ਹੰਢ ਰਹੀ ਹਾਂ ਮੈਂ
ਪੱਤਝੜਾਂ ਨੂੰ ਸਭ ਬਹਾਰਾਂ, ਖੁੱਲ੍ਹ ਕੇ ਵੰਡ ਰਹੀ ਹਾਂ ਮੈਂ

ਕੁਝ ਤਾਂ ਝੋਰੇ ਪੂੰਝ ਲਏ ਸੀ, ਸਾਹਾਂ ਦੇ ਤੂਫ਼ਾਨ ਨੇ
ਬਾਕੀ ਸਾਰੇ ਮੋਢਿਆਂ ਤੋਂ, ਆਪ ਛੰਡ ਰਹੀ ਹਾਂ ਮੈਂ

ਦੀਪ ਜਗ ਰਹੇ ਜੇ ਆਪਣੀ, ਹੋਂਦ ਦੇ ਅਹਿਸਾਸ ਨਾਲ
ਇਸ ਲਈ ਕਿ ਸੋਚ ਆਪਣੀ, ਦਾ ਬ੍ਰਹਿਮੰਡ ਰਹੀ ਹਾਂ ਮੈਂ

ਟਿਮਕਣੋਂ ਬੁਝ ਗਏ ਉਦਾਸ, ਸਾਰੇ ਤਾਰਿਆਂ ਨੂੰ ਹੀ
ਖ਼ਾਕ ਆਪਣੀ 'ਚੋਂ ਜਗਣ ਦਾ, ਹੁਨਰ ਵੰਡ ਰਹੀ ਹਾਂ ਮੈਂ

ਮਾਣ ਐਵੇਂ ਤਾਂ ਨਹੀਂ ਮੈਨੂੰ, ਆਪਣੇ ਟੁੱਟ ਟੁੱਟ ਜੁੜਨ ਦਾ
ਲੜ ਕੇ ਹਰ ਤੂਫ਼ਾਨ ਸੰਗ, ਆਖ਼ਰ ਅਖੰਡ ਰਹੀ ਹਾਂ ਮੈਂ

ਸੋਚ ਨਾ ਜਿੰਦ ਮੇਰੀਏ, ਕਿ ਐਵੇਂ ਹੰਢ ਰਹੀ ਹਾਂ ਮੈਂ
ਪੱਤਝੜਾਂ ਨੂੰ ਸਭ ਬਹਾਰਾਂ ਖੁੱਲ੍ਹ ਕੇ ਵੰਡ ਰਹੀ ਹਾਂ ਮੈਂ

◆

## ਲਾਈ ਜਾਹ ਜ਼ੋਰ ਜ਼ਿੰਦਗੀ

ਲਾਈ ਜਾਹ ਜ਼ੋਰ ਜ਼ਿੰਦਗੀ,
ਨਹੀਂ ਟੁੱਟਣਾ ਮੈਂ ਤੈਥੋਂ ਆਸਾਨੀ ਦੇ ਨਾਲ
ਲਚਕ ਮੇਰੀ ਕਮਜ਼ੋਰੀ ਨਹੀਂ,
ਆਦਤ ਹੈ ਜ਼ਿਦ ਦੀ ਨਿਸ਼ਾਨੀ ਦੇ ਨਾਲ

ਅੱਲੜ੍ਹ ਸੁਭਾ ਦੀ ਗਿਲਾਨੀ
ਨਾ ਦੇਹ ਕੋਈ ਅਕਲਾਂ ਦੇ ਸੂਤਰ
ਖ਼ੁਸ਼ ਹਾਂ ਮੈਂ ਆਪਣੀ
ਫ਼ਕੀਰਾਂ ਜਿਹੀ ਇਸ ਨਾਦਾਨੀ ਦੇ ਨਾਲ

ਵਗਾ ਲੈ ਹਵਾਵਾਂ ਵਿਰੋਧੀ
ਵਧਾ ਲੈ ਕਸੈਲੇ ਸਮੁੰਦਰਾਂ ਦੇ ਜ਼ੋਰ
ਚੱਪੂ ਹਾਂ ਹਿੰਮਤ ਦੀ ਕਿਸ਼ਤੀ ਦਾ ਮੈਂ
ਨਹੀਂ ਮਸਲਾ ਕਿਸੇ ਪਰੇਸ਼ਾਨੀ ਦੇ ਨਾਲ

ਖਲਾਅ ਕਰ ਦੇ ਰਿਸ਼ਤੇ
ਡੁਬੋ ਦੇ ਉਦਾਸੀ ’ਚ ਹਰ ਸਾਹ ਤੂੰ ਮੇਰਾ
ਇਕੱਲ ਸਹੇਲੀ ਉਦਾਸੀ ਪਹਿਰਾਵਾ
ਹੰਢਾਉਂਦੀ ਹਾਂ ਮੈਂ ਮਨਮਾਨੀ ਦੇ ਨਾਲ

ਕਿੰਨਾ ਕੁ ਡੋਬੇਂਗੀ ਹੰਝੂਆਂ ’ਚ ਨਜ਼ਰਾਂ
ਕਿੰਨਾ ਕੁ ਧੁੰਦਲਾ ਤੇ ਖਾਰਾ ਕਰੇਂਗੀ
ਭਿੱਜੀ ਤੇ ਖਾਰੀ ਹੋਈ ਮਿੱਟੀ ਦੇਖੀਂ
ਉਗਾਏਗੀ ਸੁਪਨੇ ਰਵਾਨੀ ਦੇ ਨਾਲ

ਲਾਈ ਜਾਹ ਜ਼ੋਰ ਜ਼ਿੰਦਗੀ
ਨਹੀਂ ਟੁੱਟਣਾ ਮੈਂ ਤੈਥੋਂ ਆਸਾਨੀ ਦੇ ਨਾਲ
ਲਚਕ ਮੇਰੀ ਕਮਜ਼ੋਰੀ ਨਹੀਂ
ਆਦਤ ਹੈ ਜ਼ਿਦ ਦੀ ਨਿਸ਼ਾਨੀ ਦੇ ਨਾਲ

◆

## ਇੰਜ ਨਹੀਂ ਸਰਨਾ

ਇੰਜ ਨਹੀਂ ਸਰਨਾ ਕਿ ਇਸ ਤਰ੍ਹਾਂ ਮੈਂ ਘਬਰਾਇਆ ਕਰਾਂ
ਜ਼ਿੰਦਗੀ ਜ਼ਿੰਦਗੀ ਕਰਦਿਆਂ ਇਸ ਤੋਂ ਨਿੱਖੜ ਜਾਇਆ ਕਰਾਂ

ਕੈਸੀ ਫ਼ਸਲ ਹੈ ਜ਼ਿੰਦਗੀ, ਏਸੇ ਦੀ ਕਾਸ਼ਤ ਕਰਦਿਆਂ
ਏਸੇ ਦੀ ਭੁੱਖ ਨਾਲ ਮੈਂ ਹਰ ਰੋਜ਼ ਮਰ ਜਾਇਆ ਕਰਾਂ

ਫੁੱਲਾਂ ਤੋਂ ਵੀ ਬਹੁਤ ਹੌਲੀ ਛੂਈ ਮੂਈ ਜ਼ਿੰਦਗੀ
ਇਸ ਦੇ ਭਾਰ ਹੇਠ ਹੀ ਮੈਂ ਰੋਜ਼ ਪਿਸ ਜਾਇਆ ਕਰਾਂ

ਡਾਢੀ ਸਖੀ ਹੈ ਜ਼ਿੰਦਗੀ, ਹਰ ਰੋਜ਼ ਇਸ ਨਾਲ ਲੜਦਿਆਂ
ਹਲਕਾ ਜਿਹਾ ਇਹ ਛੂਹ ਲਵੇ ਤਾਂ ਝੱਟ ਮੰਨ ਜਾਇਆ ਕਰਾਂ

ਜਾਦੂਗਰਨੀ ਜ਼ਿੰਦਗੀ ਨੇ ਕੀਲਿਆ ਹੈ ਇਸ ਤਰ੍ਹਾਂ
ਪੀ ਕੇ ਸਾਹ ਕਹੇ ਉੱਠ ਤੇ ਮੈਂ ਝੱਟ ਉੱਠ ਜਾਇਆ ਕਰਾਂ

ਇੰਜ ਨਹੀਂ ਸਰਨਾ ਕਿ ਇਸ ਤਰ੍ਹਾਂ ਮੈਂ ਘਬਰਾਇਆ ਕਰਾਂ
ਜ਼ਿੰਦਗੀ ਜ਼ਿੰਦਗੀ ਕਰਦਿਆਂ ਇਸ ਤੋਂ ਨਿੱਖੜ ਜਾਇਆ ਕਰਾਂ

◆

## ਹਰ ਇਕ ਰੁੱਤ

ਹਰ ਇਕ ਰੁੱਤ ਦੇ ਵਿਚ ਵਿਚਾਲੇ ਉੱਡਦੀ ਫਿਰਦੀ ਰੇਤ
ਖ਼ਬਰੇ ਕਿੱਥੇ ਗੁੰਮ ਗਏ ਜਿੰਦੇ ਤੇਰੇ ਫੱਗਣ ਚੇਤ

ਫੱਗਣ ਜਾਗ ਕੇ ਖਿੜ ਖਿੜ ਪੈਣਾ ਸੋਮਨ ਕਲੀਆਂ ਨੇ
ਝੂਮਣ ਲੱਗਣਾ ਪੌਣਾਂ ਸੰਗ ਕਣਕਾਂ ਦੀਆਂ ਬੱਲੀਆਂ ਨੇ
ਵਿੱਸਰਿਆ ਮਹਿਕਾਂ ਦਾ ਫੁੱਟ ਕੇ ਫਿਰਨਾ ਖੇਤੋਂ ਖੇਤ
ਖ਼ਬਰੇ ਕਿੱਥੇ ਗੁੰਮ ਗਏ ਜਿੰਦੇ ਤੇਰੇ ਫੱਗਣ ਚੇਤ

ਚੇਤਰ ਕਣਕਾਂ ਪੱਕਣੀਆਂ ਆਸਾਂ ਨੇ ਪੱਲਰਨਾ
ਭਰੇ ਭੜੋਲੇ ਜਗਦੇ ਮਨ ਦੇ ਸੁਪਨੇ ਉੱਭਰਨਾ
ਚੁੱਕੀ ਫਿਰਨਾ ਮਨ ਦੀ ਕੰਨੀ ਬੰਨ੍ਹੇ ਹੱਸਦੇ ਭੇਤ
ਖ਼ਬਰੇ ਕਿੱਥੇ ਗੁੰਮ ਗਏ ਜਿੰਦੇ ਤੇਰੇ ਫੱਗਣ ਚੇਤ

ਬੀੜੇ ਹੋਏ ਸੁਪਨੇ ਫਿਰ ਤੋਂ ਨਵੀਆਂ ਫ਼ਸਲਾਂ ਦੇ
ਸੁਪਨੇ ਵੇਖੇ ਚਾਵਾਂ ਤੇ ਰੀਝਾਂ ਦੀਆਂ ਵਸਲਾਂ ਦੇ
ਕਰਜ਼ੇ ਖ਼ਰਚੇ ਖਾ ਪੀ ਜਾਂਦੇ ਸਣੇ ਸੁਪਨਿਆਂ ਖੇਤ
ਖ਼ਬਰੇ ਕਿੱਥੇ ਗੁੰਮ ਗਏ ਜਿੰਦੇ ਤੇਰੇ ਫੱਗਣ ਚੇਤ

ਨਵੇਂ ਸਮੇਂ ਦੇ ਬਾਣੇ ਪਾ ਕੇ ਮੰਡੀ ਘਰ ਆਈ
ਪੀਂਘਾਂ, ਗਿੱਧੇ ਖੇੜੇ ਜ਼ਿੰਦਗੀ ਗਿਰਵੀ ਧਰ ਆਈ
ਹੱਸਣਾ ਗਾਉਣਾ ਭੁੱਲੀ ਤੇ ਹੁਣ ਡਿੱਗੀ ਪਈ ਅਚੇਤ
ਖ਼ਬਰੇ ਕਿੱਥੇ ਗੁੰਮ ਗਏ ਜਿੰਦੇ ਤੇਰੇ ਫੱਗਣ ਚੇਤ

ਹਰ ਇਕ ਰੁੱਤ ਦੇ ਵਿਚ ਵਿਚਾਲੇ ਉੱਡਦੀ ਫਿਰਦੀ ਰੇਤ
ਖ਼ਬਰੇ ਕਿੱਥੇ ਗੁੰਮ ਗਏ ਜਿੰਦੇ ਤੇਰੇ ਫੱਗਣ ਚੇਤ

◆

## ਸ਼ਾਮ ਢਲੇ ਮਨ ਤਿੜਕੇ

ਸ਼ਾਮ ਢਲੇ ਮਨ ਤਿੜਕੇ ਇਕ ਤੋਂ ਦੋ ਹੋ ਜਾਏ
ਇਕ ਗਗਨ ਤੇ ਦੂਜਾ ਧਰਤੀ ਵਿਚ ਹਓਕਾ ਭਰ ਜਾਏ
ਸ਼ਾਮ ਢਲੇ...

ਇਕ ਮਨ ਤੁਰਦਾ ਜੋਗੀ ਹੋ ਕੇ ਦੂਜਾ ਮਰਦਾ ਹਾਵੇ
ਇਕ ਮਾਰੂਥਲ ਦਿਸਹੱਦੇ ਤੱਕ ਦੂਜਾ ਥਾਹ ਨਾ ਪਾਵੇ
ਇਕ ਤਾਰੇ ਚੁਣ ਹਾਰ ਪਰੋਵੇ ਦੂਜਾ ਤੋੜ ਖਿੰਡਾਵੇ
ਇਕ ਪੱਲੂ ਤੇ ਸੁਪਨੇ ਲਿਖਦਾ ਦੂਜਾ ਰੋਜ਼ ਮਿਟਾਵੇ
ਸ਼ਾਮ ਢਲੇ...

ਇਕ ਮਨ ਚੁਣਦਾ ਕੰਕਰ ਆਪਣੇ, ਦੂਜਾ ਕਿਰਦਾ ਜਾਵੇ
ਇਕ ਸਮੁੰਦਰ ਉਛਲੇ ਹਰ ਦਮ ਦੂਜੇ ਵਿਚ ਭਰ ਜਾਵੇ
ਇਕ ਪੰਖੇਰੂ ਅੰਬਰ ਭਟਕੇ ਦੂਜਾ ਖ਼ੁਦ ’ਤੇ ਛਾਵੇ
ਇਕ ਥੋਰ੍ਹ ਸੂਲਾਂ ਭਰਿਆ ਜੋ ਦੂਜੇ ਨੂੰ ਚੁਭ ਜਾਵੇ
ਸ਼ਾਮ ਢਲੇ...

ਇਕ ਯਾਦਾਂ ਦੇ ਮੇਲੇ ਲਾਵੇ ਦੂਜਾ ਪੀੜ ਮਨਾਵੇ
ਇਕ ਉਮਰਾਂ ਗਹਿਰੇ ਵਿਚ ਦੂਜਾ ਡੁੱਬਦਾ ਤਰਦਾ ਜਾਵੇ
ਇਕ ਸੂਰਜ ਅਸਤੇ ਤਿਰਕਾਲੀਂ ਦੂਜਾ ਰਾਤ ਨਿਭਾਵੇ
ਚਾਨਣ ਲੱਭਦਾ ਥੱਕ ਕੇ ਆਖ਼ਰ ਆਪੇ ਵਿਚ ਮੁੜ ਆਵੇ
ਸ਼ਾਮ ਢਲੇ...

ਸ਼ਾਮ ਢਲੇ ਮਨ ਤਿੜਕੇ ਇਕ ਤੋਂ ਦੋ ਹੋ ਜਾਏ
ਇਕ ਗਗਨ ਤੇ ਦੂਜਾ ਧਰਤੀ ਵਿਚ ਹਓਕਾ ਭਰ ਜਾਏ
ਸ਼ਾਮ ਢਲੇ...

◆

## ਘਰ ਮੁੜ ਆ

ਸਾਹਾਂ ਦੀਆਂ ਵੱਟੀਆਂ, ਜਗਦੀਆਂ ਰੱਖੀਆਂ
ਜਿੰਦ ਦੇ ਕਤਰੇ ਦਿਹੁੰ ਦੇ ਦੀਵੇ ਪਾ
ਥਲਾਂ ਦੀਆਂ ਵਾਟਾਂ 'ਚ, ਨਿੱਖੜੇ ਆਪੇ
ਕਿਧਰੋਂ ਘਰ ਮੁੜ ਆ...

ਕਿੱਥੇ ਕਿੱਥੇ ਕਿਰਿਆ ਸੁਪਨੇ ਦਾ ਮੋਤੀ
ਸੁੰਨੇ ਰਾਹੀਂ, ਕਿੱਥੇ ਕਿੱਥੇ ਟੁੱਟਿਆ ਸਾਹ
ਕਿੱਥੇ ਕਿੱਥੇ ਦਾਈਏ ਯਾਦਾਂ ਬਣ ਗਏ
ਹੁਣ ਨਾ ਭਾਲਣ ਜਾਹ
ਕਿਧਰੋਂ ਘਰ ਮੁੜ ਆ...

ਆਸ ਦਾ ਕਤਰਾ ਕਤਰਾ ਉੱਡਦੇ
ਚਾਵਾਂ ਦਾ ਘੁੰਗਰੂ ਘੁੰਗਰੂ ਭੁਰਿਆ
ਮ੍ਰਿਗ ਤ੍ਰਿਸ਼ਨਾ ਮਾਰੇ ਅਨੇਕਾਂ
ਰੇਤ ਹੋਏ ਦਰਿਆ
ਕਿਧਰੋਂ ਘਰ ਮੁੜ ਆ...

ਸ਼ਾਮਾਂ ਢਲੀਆਂ ਓ, ਮਨ ਪਰਦੇਸੀ
ਕਿਉਂ ਬਨਵਾਸੀ ਹੋਇਆ ਜਾ ਕੇ
ਮੁੜ ਆ ਆਪਣੀ ਖ਼ਾਤਰ ਆਪੇ
ਆਪਣਾ ਦੀਪ ਜਗਾ
ਕਿਧਰੋਂ ਘਰ ਮੁੜ ਆ...

ਸਾਹਾਂ ਦੀਆਂ ਵੱਟੀਆਂ, ਜਗਦੀਆਂ ਰੱਖੀਆਂ
ਜਿੰਦ ਦੇ ਕਤਰੇ ਦਿਹੁੰ ਦੇ ਦੀਵੇ ਪਾ
ਥਲਾਂ ਦੀਆਂ ਵਾਟਾਂ 'ਚ, ਨਿੱਖੜੇ ਆਪੇ
ਕਿਧਰੋਂ ਘਰ ਮੁੜ ਆ...

◆

## ਜ਼ਿੰਦਗੀ ਹੀਣਾ ਸਫ਼ਰ

ਹੌਕਿਆਂ 'ਚੋਂ ਸਿਲ੍ਹ ਕਸ਼ੀਦ ਕਰ ਰਹੀ ਹਾਂ
ਪਿਆਸ ਦੀ ਖ਼ਾਤਰ ਕਸੋਰੇ ਭਰ ਰਹੀ ਹਾਂ

ਹਾਲੇ ਵੀ ਸਾਹਾਂ 'ਚੋਂ ਛੱਲਾਂ ਉੱਠਦੀਆਂ
ਉਨ੍ਹਾਂ ਹੀ ਲਹਿਰਾਂ ਦੇ ਉੱਤੇ ਤਰ ਰਹੀ ਹਾਂ

ਕਿੱਥੋਂ ਉੱਠੀ ਹੈ ਤੂਫ਼ਾਨੀ ਇਹ ਹਵਾ
ਜਿਸ ਦੇ ਅੰਦਰ ਘੁੱਟੀ ਘੁੱਟੀ ਮਰ ਰਹੀ ਹਾਂ

ਇਕ ਅਨਾਮ ਤੇ ਆਵਾਰਾ ਦਰਦ ਹੈ
ਜਿਸ ਦੀ ਪਰਿਕਰਮਾ ਨਿਰੰਤਰ ਕਰ ਰਹੀ ਹਾਂ

ਇਸ ਖ਼ਲਾਅ ਦੀ ਮੈਂ ਕਹਾਣੀ ਕੀ ਕਹਾਂ
ਜਿਸ ਦੇ ਅੰਦਰ ਡੁੱਬਦੀ ਨਾ ਤਰ ਰਹੀ ਹਾਂ

ਏਨਾ ਖ਼ਾਲੀ ਹੋਣਾ ਮਨ ਦਾ ਕੀ ਭਲਾ
ਖ਼ਾਲੀਪਣ ਦੇ ਹੀ ਅੰਬਾਰ ਭਰ ਰਹੀ ਹਾਂ

ਯਾਦਾਂ ਦੇ ਇਸ ਸ਼ਹਿਰ ਕੋਈ ਨਾਂ ਨਹੀਂ
ਜਿਸ ਨੂੰ ਸੋਚਾਂ ਨਾਮ ਆਪਣੇ ਕਰ ਰਹੀ ਹਾਂ

ਰਿਸ਼ਤਿਆਂ ਦੀ ਭੀੜ ਵਾਲੇ ਦੇਸ਼ ਵਿਚ
ਇਹ ਇਕੱਲਾ ਚੁੱਪ ਸਫ਼ਰ ਮੈਂ ਕਰ ਰਹੀ ਹਾਂ

ਨਾਮ ਇਸ ਦਾ ਫਿਰ ਵੀ ਰਹਿਣਾ ਜ਼ਿੰਦਗੀ ਹੀ
ਜ਼ਿੰਦਗੀ ਹੀਣਾ ਸਫ਼ਰ ਜੋ ਕਰ ਰਹੀ ਹਾਂ

ਹੌਕਿਆਂ 'ਚੋਂ ਸਿਲ੍ਹ ਕਸ਼ੀਦ ਕਰ ਰਹੀ ਹਾਂ
ਪਿਆਸ ਦੀ ਖ਼ਾਤਰ ਕਸੋਰੇ ਭਰ ਰਹੀ ਹਾਂ

◆

## ਅਸੀਂ ਰਾਹਾਂ ਵਿਚ ਖੜ੍ਹੇ ਰਹੇ

ਅਸੀਂ ਰਾਹਾਂ ਵਿਚ ਖੜ੍ਹੇ ਰਹੇ
ਸਾਰੀ ਉਮਰ ਖ਼ੁਦ ਨੂੰ ਸਵਾਰ ਕੇ
ਆਏਗੀ ਇਕ ਦਿਨ ਜ਼ਿੰਦਗੀ
ਧੁੰਦਾਂ ਦਾ ਵੇਸ ਉਤਾਰ ਕੇ

ਇਉਂ ਸੁਪਨੇ ਭਰਮਾਉਂਦੇ ਰਹੇ
ਅਸੀਂ ਮੋਹ ਦੇ ਵਿਚ ਆਉਂਦੇ ਰਹੇ
ਸਾਨੂੰ ਆਪਣੇ 'ਤੇ ਯਕੀਨ ਸੀ
ਜਿੱਤਾਂਗੇ ਖ਼ੁਦ ਨੂੰ ਹਾਰ ਕੇ
ਅਸੀਂ ਰਾਹਾਂ ਵਿਚ...

ਤੇਰੇ ਜੰਗਲਾਂ ਵਿਚ ਗਹਿਰ ਸੀ
ਹਨੇਰਿਆਂ ਦਾ ਵੀ ਕਹਿਰ ਸੀ
ਤੇ ਗਏ ਸੀ ਅਕਸ ਸਵੇਰ ਦੇ
ਨਜ਼ਰਾਂ 'ਚੋਂ ਝਾਤੀ ਮਾਰ ਕੇ
ਅਸੀਂ ਰਾਹਾਂ ਵਿਚ...

ਸਾਡਾ ਚਿਤਵਿਆ ਸੰਸਾਰ ਸੀ
ਤੇ ਬਹਾਰ ਦੇ ਆਸਾਰ ਸੀ
ਮੁੜੇ ਸੁਪਨਿਆਂ ਦੇ ਸ਼ਹਿਰ 'ਚੋਂ
ਸਾਰੀ ਹੀ ਚਿਤਵਨ ਹਾਰ ਕੇ
ਅਸੀਂ ਰਾਹਾਂ ਵਿਚ...

ਖ਼ਲਾਅ ਵੀ ਕੀ ਖਲਾਅ ਸੀ ਉਹ
ਜਾਂ ਤੇਰੀ ਇਕ ਅਦਾ ਸੀ ਉਹ
ਅਸੀਂ ਖਿੱਲਰਦੇ ਜੁੜਦੇ ਗਏ
ਤੇਰਾ ਅਕਸ ਮਨ 'ਚ ਉਤਾਰ ਕੇ
ਅਸੀਂ ਰਾਹਾਂ ਵਿਚ...

ਕਿਸੇ ਪਲ ਦੀ ਇਕ ਜ਼ਮੀਨ ਸੀ
ਤੇਰੇ ’ਤੇ ਵੀ ਯਕੀਨ ਸੀ
ਸਾਡੇ ਖ਼ਾਬ ਕਿਸ ਨੇ ਨਿਗਲ ਲਏ
ਆਏ ਸੀ ਉਮਰਾਂ ਹਾਰ ਕੇ
ਅਸੀਂ ਰਾਹਾਂ ਵਿਚ...

ਅਸੀਂ ਰਾਹਾਂ ਵਿਚ ਖੜ੍ਹੇ ਰਹੇ
ਸਾਰੀ ਉਮਰ ਖ਼ੁਦ ਨੂੰ ਸਵਾਰ ਕੇ
ਆਏਗੀ ਇਕ ਦਿਨ ਜ਼ਿੰਦਗੀ
ਧੁੰਦਾਂ ਦਾ ਵੇਸ ਉਤਾਰ ਕੇ

◆

# ਐਵੇਂ ਨਹੀਂ ਉਦਾਸ ਦਿਲ

ਐਵੇਂ ਨਹੀਂ ਉਦਾਸ ਦਿਲ
ਕੁਝ ਹੋਇਆ ਹੋਵੇਗਾ
ਟੁੱਟਿਆ ਤੇ ਤਿੜਕਿਆ
ਅੰਦਰ ਲੁਕੋਇਆ ਹੋਵੇਗਾ

ਮੇਘ ਦੀ ਆਵਾਜ਼
ਖ਼ਾਲੀ ਗਰਜ਼ ਹੀ ਤਾਂ ਹੈ
ਏਸੇ ਓਹਲੇ ਕੀ ਪਤਾ ਉਹ
ਕਿੰਨਾ ਰੋਇਆ ਹੋਵੇਗਾ
ਐਵੇਂ ਨਹੀਂ...

ਬੈਠੇ ਬੈਠੇ ਸੋਚਦੇ
ਕਿੰਜ ਬੁੱਲ੍ਹ ਸਾਡੇ ਫਟ ਗਏ
ਸੋਚ ਵਿਚਾਲੇ ਲਾਵਿਆਂ ਨਾਲ
ਇਹ ਵੀ ਹੋਇਆ ਹੋਵੇਗਾ
ਐਵੇਂ ਨਹੀਂ...

ਮੁਸਕਣੀ ਦੀ ਪਰਤ ਸੀ
ਅੰਦਰ ਪਲੋਸੀ ਜਾ ਰਹੀ
ਚੁੱਪ ਚੁੱਪ ਸੱਚ ਕੋਈ
ਬੇਜ਼ਾਰ ਹੋਇਆ ਹੋਵੇਗਾ
ਐਵੇਂ ਨਹੀਂ...

ਮਨ ਨਦੀ ਦੇ ਪਾਣੀਆਂ ਦੀ
ਗਹਿਰ ਕੋਈ ਮੈਲ ਨਾ
ਪੱਥਰਾਂ ਸੰਗ ਜੀਂਦਿਆਂ
ਕੋਈ ਜ਼ਖ਼ਮ ਹੋਇਆ ਹੋਵੇਗਾ
ਐਵੇਂ ਨਹੀਂ...

◆

## ਮੇਰੇ ਗੀਤ! ਤੂੰ ਸ਼ਾਮ ਢਲੇ ਆਵੀਂ

ਮੇਰੇ ਗੀਤ ! ਤੂੰ ਸ਼ਾਮ ਢਲੇ ਆਵੀਂ
ਮੇਰੇ ਗੀਤ ! ਤੂੰ ਸ਼ਾਮ ਢਲੇ ਆਵੀਂ
ਜ਼ਿੰਦਗੀ ਦੇ ਥੱਕੇ ਪੈਰਾਂ ਵਿਚ
ਥਿਰਕ ਜਿਹੀ ਪਾਵੀਂ
ਮੇਰੇ ਗੀਤ...

ਉਸ ਰੁੱਤ ਆਵੀਂ, ਜਿਸ ਰੁੱਤ ਸਾਰੇ
ਸੁਪਨੇ ਫੁੱਲ ਬਣ ਜਾਂਦੇ
ਫਿਰ ਢਲ ਜਾਂਦੇ ਮੋਮ ਵਾਂਗਰਾਂ
ਅੰਦਰ ਵਹਿੰਦੇ ਜਾਂਦੇ
ਓਸੇ ਮੋਮ ਦੇ ਅੱਖਰ ਘੜ ਕੇ
ਰੂਹ ’ਤੇ ਲਿਖ ਜਾਵੀਂ
ਮੇਰੇ ਗੀਤ...

ਛੂਹਣੇ ਚਿਤਵੇ ਜਿਸ ਰੁੱਤ
ਪੌਣਾਂ ਧੁੱਪਾਂ ਦੇ ਪਰਛਾਵੇਂ
ਪੂੰਝੀਆਂ ਵਾਵਰੋਲਿਆਂ ਦੀਆਂ
ਭਟਕਣ ਵਾਂਗ ਨਿਥਾਵੇਂ
ਬੌਰੀਆਂ ਹੋਈਆਂ ਪੌਣਾਂ ਦੇ
ਮਨ ਰਾਗਨੀਆਂ ਪਾਵੀਂ
ਮੇਰੇ ਗੀਤ...

ਜਿਸ ਰੁੱਤ ਜ਼ਿੰਦਗੀ ਠੁਰ ਠੁਰ ਕਰਨਾ
ਕੱਕਰੀਆਂ ਵਗਣ ਹਵਾਵਾਂ
ਬੋਲਾਂ ਨੇ ਯੱਖ ਹੋ ਕੇ ਕਿਰਨਾ
ਬਰਫ਼ਾਂ ਵਿਚ ਘਿਰ ਜਾਵਾਂ
ਕੋਸੀਆਂ ਨਿੱਘੀਆਂ ਤਾਨਾਂ ਬਣ ਕੇ

ਰੁੱਤ ਤੇ ਛਾ ਜਾਵੀਂ
ਮੇਰੇ ਗੀਤ...

ਕਦੇ ਤਿਖੇਰੇ ਹੋਏ ਚਾਨਣ
ਲਾਟਾਂ ਬਣ ਬਣ ਲਪਕਣ
ਅੱਖ ਆਸਾਂ ਦੀ ਧੂੰਏਂ ਲਿੰਬੀ
ਮਰ ਮਰ ਖ਼ੁਦ ਨੂੰ ਝਪਕਣ
ਤਦ ਤੂੰ ਰਵਾਂ ਰਵੀਂ ਆਵੀਂ
ਨਜ਼ਰੀਂ ਸਿੱਜ ਜਾਈਂ
ਮੇਰੇ ਗੀਤ...

ਜਦ ਵੀ ਜ਼ਿੰਦਗੀ ਤਾਲੋਂ ਉਖੜੇ
ਘੁੱਪ ਹਨੇਰੇ ਛਾਉਣੇ
ਤੂਫ਼ਾਨਾਂ ਵਿਚ ਜਕੜੇ ਜੁਗਨੂੰਆਂ
ਪਰ ਵੀ ਨਾ ਫਰਕਾਉਣੇ
ਨੇਰ੍ਹੇ ਦੀ ਮਖ਼ਮਲ ਵਿਚ ਮੇਰਾ
ਸਾਂਵਲ ਬਣ ਜਾਈਂ

ਮੇਰੇ ਗੀਤ ! ਤੂੰ ਸ਼ਾਮ ਢਲੇ ਆਵੀਂ
ਮੇਰੇ ਗੀਤ ! ਤੂੰ ਸ਼ਾਮ ਢਲੇ ਆਵੀਂ
ਜ਼ਿੰਦਗੀ ਦੇ ਥੱਕੇ ਪੈਰਾਂ ਵਿਚ
ਥਿਰਕ ਜਿਹੀ ਪਾਵੀਂ
ਮੇਰੇ ਗੀਤ...

◆

## ਚੱਲ ਜਿੰਦੇ ਅੱਜ ਢੂੰਡਣ ਚੱਲੀਏ

ਚੱਲ ਜਿੰਦੇ ਅੱਜ ਢੂੰਡਣ ਚੱਲੀਏ
ਆਪਣੇ ਅਕਸ ਗੁਆਚੇ
ਹੱਸਦੇ ਹੱਸਦੇ ਕਿਰਦੇ ਕਿਰਦੇ
ਨਾਲੇ ਲੈ ਗਏ ਹਾਸੇ
ਚੱਲ ਜਿੰਦੇ...

ਕੈਸਾ ਤੇਰਾ ਦੇਸ ਨੀ ਜਿੰਦੇ
ਵਣਜ ਵੀ ਕੈਸਾ ਤੇਰਾ
ਚਾਨਣ ਦੀ ਥੈਲੀ ਦੇ ਵਿਚੋਂ
ਨਿਕਲੇ ਘੁੱਪ ਹਨੇਰਾ
ਚਾਨਣ ਤਾਂ ਮੁੱਕ ਜਾਂਦੇ ਸਾਰੇ
ਹਰ ਰੁੱਤੇ ਇਕਵਾਸੇ
ਚੱਲ ਜਿੰਦੇ...

ਪਲ ਪਲ ਰੁੱਤ ਬਦਲਦੀ ਏਥੇ
ਪਰ ਨਾ ਤੇਰੇ ਲੇਖ
ਹਰ ਪਰਛਾਵੇਂ ਉਹਲੇ ਸਾਰੇ
ਰੰਗ ਬਦਲਦੇ ਵੇਖ
ਰਿਸ਼ਤੇ ਸਾਰੇ ਫੁੱਲ ਮੌਸਮੀ
ਨਿੱਜ ਦੀ ਰੁੱਤ ਦੇ ਪਿਆਸੇ
ਚੱਲ ਜਿੰਦੇ...

ਕਿਉਂ ਚਾਹੇਂ ਜੰਗਲ ਵਿਚ ਸਖੀਏ
'ਕੱਲ-ਮ-'ਕੱਲੇ ਹੋਣਾ
ਹਰ ਇਕ ਅਕਸ ਦੇ ਸਾਏ ਅੱਗੇ
ਅੱਖੀਆਂ ਭਰ ਭਰ ਰੋਣਾ

ਆਪਣੇ ਹੀ ਸਾਏ ਦੇ ਜੰਗਲ
ਵੱਸਦੇ ਆਸੇ ਪਾਸੇ

ਚੱਲ ਜਿੰਦੇ ਅੱਜ ਢੂੰਡਣ ਚੱਲੀਏ
ਆਪਣੇ ਅਕਸ ਗੁਆਚੇ
ਹੱਸਦੇ ਹੱਸਦੇ ਕਿਰਦੇ ਕਿਰਦੇ
ਨਾਲੇ ਲੈ ਗਏ ਹਾਸੇ
ਚੱਲ ਜਿੰਦੇ...

◆

## ਡਾਇਰੀ ਦੇ ਪੰਨੇ

ਪੰਨੇ ਜਦ ਵੀ ਡਾਇਰੀ ਦੇ ਪਲਟਾਏ ਜਾਂਦੇ ਨੇ
ਪਲਾਂ ਛਿਣਾਂ ਵਿਚ ਸਭ ਅਹਿਸਾਸ ਦੁਹਰਾਏ ਜਾਂਦੇ ਨੇ

ਅੱਖਰਾਂ ਪਿੱਛੇ ਸੁੱਤੀ ਹੋਈ ਦੁਨੀਆ ਦੇ
ਹਰ ਪੰਨੇ ਨਾਲ ਸਭ ਪਰਦੇ ਸਰਕਾਏ ਜਾਂਦੇ ਨੇ

ਅੰਦਰ ਪਏ ਬੇਹੋਸ਼ ਤਿਤਲੀਆਂ, ਤਾਰੇ, ਫੁੱਲ
ਇਕੋ ਨਜ਼ਰ ਦੀ ਛੋਹ ਦੇ ਨਾਲ ਜਿਵਾਏ ਜਾਂਦੇ ਨੇ

ਜਾਗਣ ਨੂੰ ਬੇਚੈਨ ਉਬਾਲ ਕਈ ਮਨ ਦੇ
ਛਿੱਟੇ ਦੇ ਕੇ ਤਰਕ ਦੇ ਸ਼ਾਂਤ ਕਰਾਏ ਜਾਂਦੇ ਨੇ

ਸੁੱਤੇ ਜ਼ਖ਼ਮ ਤਾਂ ਕੋਸ਼ਿਸ਼ ਨਾਲ ਉਚੇੜੇ ਜਾਣ
ਅੱਲੇ ਸਾਰੇ ਵਾਰੋ ਵਾਰ ਦੁਖਾਏ ਜਾਂਦੇ ਨੇ

ਸਦਾ ਹੀ ਜੋ ਪਲ ਪਿਆਸੇ ਚੁੱਪ ਖਲੋਤੇ ਰਹਿਣ
ਹਰ ਇਕ ਵਾਰੀ ਓਹੀ ਫੇਰ, ਤਿਹਾਏ ਜਾਂਦੇ ਨੇ

ਅਣਬਣੀਆਂ ਤਸਵੀਰਾਂ ਦੇ ਇਤਰਾਜ਼ ਸਦਾ
ਅਗਲੀ ਵਾਰ ਦੇ ਵਾਅਦੇ ਨਾਲ ਵਰਾਏ ਜਾਂਦੇ ਨੇ

ਪੰਨੇ ਜਦ ਵੀ ਡਾਇਰੀ ਦੇ ਪਲਟਾਏ ਜਾਂਦੇ ਨੇ
ਪਲਾਂ ਛਿਣਾਂ ਵਿਚ ਸਭ ਅਹਿਸਾਸ ਦੁਹਰਾਏ ਜਾਂਦੇ ਨੇ

◆

## ਚੱਲ ਨੀ ਜਿੰਦੇ ਰੇਤ ਫੋਲੀਏ

ਚੱਲ ਨੀ ਜਿੰਦੇ ਰੇਤ ਫੋਲੀਏ
ਵਿਚੋਂ ਚੁਗੀਏ ਗੀਟੇ
ਜ਼ਿੰਦਗੀ ਦੇ ਅੱਥਰੇ ਸਾਗਰ ਦੀਆਂ
ਛੱਲਾਂ ਨਾਲ ਝਰੀਟੇ
ਚੱਲ ਨੀ...

ਬੱਬੋ-ਲਿੱਕੇ ਅੱਖਰ ਚੁਗੀਏ
ਅਣਸੁਣੇ, ਅਣਬੋਲੇ
ਹੌਕੇ ਬਣ ਕੇ ਮਨ ਨੂੰ ਚੁਭਦੇ
ਜਿਉਂ ਪਥਰੀਲੇ ਗੋਲੇ
ਇਹ ਗੋਲੇ ਖ਼ੁਦ ਨੂੰ ਟਕਰਾ ਕੇ
ਆਪਣੇ ਲਹੂ 'ਚ ਵੀਟੇ
ਚੱਲ ਨੀ...

ਕੁਝ ਅਣਗੌਲੇ ਕੰਡੇ ਚੁਗੀਏ
ਉੱਭੇ ਸਾਹੀਂ ਜੀਂਦੇ
ਪੱਤਿਆਂ ਤੋਂ ਉਹ ਸੂਲਾਂ ਹੋਏ
ਖ਼ੁਦ ਨੂੰ ਪੀਂਦੇ ਪੀਂਦੇ
ਘੁੱਟ ਆਪੇ ਦੇ ਭਰਦੇ ਭਰਦੇ
ਸਾਰੇ ਸਾਹ ਝਰੀਟੇ
ਚੱਲ ਨੀ...

ਚੁਣੀਏ ਕਦੇ ਸੁਲਗਦੇ ਤਾਰੇ
ਫੰਭਾ ਫੰਭਾ ਖੁਰਦੇ
ਜਿੰਦ ਬਾਲਦੇ ਲੋ ਕਰ ਲੈਂਦੇ
ਓਸੇ ਚਾਨਣ ਤੁਰਦੇ
ਬਲਦੇ ਬਲਦੇ ਟੋਟੇ ਹੋ ਗਏ
ਅੱਖੀਆਂ ਮੀਟੇ ਮੀਟੇ
ਚੱਲ ਨੀ...

ਥੋੜ੍ਹੇ ਤਾਰੇ ਉਹ ਵੀ ਚੁਣੀਏ ਤਾਰੇ
ਲੀਕਾਂ ਬਣ ਬਣ ਕਿਰਦੇ
ਰੇਤੇ ਵਿਚੋਂ ਖਿੱਲਰੇ ਆਪਣੇ
ਟੋਟੇ ਲੱਭਦੇ ਫਿਰਦੇ
ਓਹੀਓ ਟੋਟੇ ਮਨ ਨੂੰ ਕੋਂਹਦੇ
ਬਣ ਤ੍ਰਿਖੜੇ ਗੀਟੇ
ਚੱਲ ਨੀ...

ਪੀੜਾਂ ਚੁਣੀਏਂ ਕਦੇ ਕਦਾਈਂ
ਜੋ ਅਜ਼ਲੋਂ ਅਣਛੋਹੀਆਂ
ਹੱਥ ਲਾਏ ਤੋਂ ਛਿਲਤਰ ਹੋਵਣ
ਪੋਰੀ ਪੋਰੀ ਪਰੋਈਆਂ
ਇਹ ਪੀੜਾਂ ਚੁਭੀਆਂ ਅੱਖਰਾਂ ਨੂੰ
ਸਾਰੇ ਲੇਖ ਝਰੀਟੇ
ਚੱਲ ਨੀ...

ਚੁਣੀਏ ਟੁੱਟੇ ਪਲ ਦੇ ਠੀਕਰ
ਪਲ ਪਲ ਰੜਕਣ ਸੀਨੇ
ਫੇਰ ਉਨ੍ਹਾਂ ਦਾ ਮਹਿਲ ਬਣਾਈਏ
ਚਿਣ ਚਿਣ ਨਾਲ ਕਰੀਨੇ
ਜਿਥੇ ਬਹਿ ਕੇ ਚਿਤਵਣ ਖ਼ੁਦ ਨੂੰ
ਯਾਦਾਂ ਅੱਖੀਆਂ ਮੀਟੇ
ਚੱਲ ਨੀ...

ਚੱਲ ਨੀ ਜਿੰਦੇ ਰੇਤ ਫੋਲੀਏ
ਵਿਚੋਂ ਚੁਗੀਏ ਗੀਟੇ
ਜ਼ਿੰਦਗੀ ਦੇ ਅੱਥਰੇ ਸਾਗਰ ਦੀਆਂ
ਛੱਲਾਂ ਨਾਲ ਝਰੀਟੇ
ਚੱਲ ਨੀ...

◆

## ਪੁੱਛਾਂ ਕਦੇ ਮੈਂ ਸ਼ਾਮ ਨੂੰ

ਪੁੱਛਾਂ ਕਦੇ ਮੈਂ ਸ਼ਾਮ ਨੂੰ
ਸਵੇਰ ਕਦ ਨੂੰ ਆਏਗੀ
ਚਾਨਣ ਲਿਆਉਂਦਿਆਂ
ਉਹ ਕਿੰਨੀ ਦੇਰ ਲਾਏਗੀ

ਚੁੱਪ ਚੁਪੀਤੇ ਤੁਰਦੀ ਸ਼ਾਮ
ਮੂੰਹੋਂ ਕੁਝ ਨਾ ਬੋਲਦੀ
ਤੰਬੂ ਰਾਤ ਦੇ 'ਚ ਜਾਂਦੀ
ਵਹੀਆਂ ਖਾਤੇ ਖੋਲ੍ਹਦੀ
ਮੇਰੇ ਨੀਂਦ ਦੀ ਸਿਆਹੀ
ਨਾਲ ਜੋ ਨਿਸ਼ਾਨ ਲਾਵੇ
ਉਨ੍ਹਾਂ 'ਚੋਂ ਹੀ ਮੇਰਾ
ਦਿਨ ਨਵਾਂ ਬਣਾਏਗੀ
ਪੁੱਛਾਂ ਕਦੇ...

ਕਦੇ ਜੇ ਸ਼ਾਮ ਬੋਲਦੀ
ਅਵੱਲੀ ਗੱਲ ਕਰੇ
ਮੇਰੀ ਹੀ ਚੀਸ ਨਾਲ
ਮੇਰੇ ਸਵਾਲ ਹੱਲ ਕਰੇ
ਜਵਾਬ ਨਾ ਮਿਲੇ ਤਾਂ
ਸਾਰਾ ਕੁਝ ਰਲਾ ਮਿਲਾ
ਸਵਾਲ ਸਾਰੇ ਫਿਰ ਤੋਂ
ਮੇਰੇ ਪੱਲੇ ਪਾਏਗੀ
ਪੁੱਛਾਂ ਕਦੇ...

ਕਦੇ ਇਹ ਸ਼ਾਮ ਦਿਨ
ਮੇਰੇ ਦੇ ਪਲ ਤੋਲਦੀ
ਸੀਤੇ ਪਏ ਤੇ ਅੱਲ੍ਹੇ
ਸਾਰੇ ਜ਼ਖ਼ਮ ਖੋਲ੍ਹਦੀ

ਲੇਖੇ ਜੋਖੇ ਸਾਰੇ ਆਪੇ
ਕਰ ਕਰਾ ਕੇ ਫਿਰ
ਥੈਲੀ ਪੀੜਾਂ ਦੀ ਕੋਈ
ਮੇਰੇ ਹੱਥ ਫੜਾਏਗੀ
ਪੁੱਛਾਂ ਕਦੇ...

ਰਿਸ਼ਤਿਆਂ ਦੇ ਘਰ
ਨਾ ਜਾਈਂ ਸ਼ਾਮ ਨੂੰ ਕਹਾਂ
ਨਾ ਫੋਲ ਮਨ ਦੀ ਪਰਤ
ਬੇ-ਆਰਾਮ ਨੂੰ ਕਹਾਂ
ਚੋਭਾਂ ਸਾਰੀਆਂ ਨੂੰ ਪਰ ਉਹ
ਚੁਣ ਕੇ ਵਾਰੀ ਵਾਰੀ
ਬੁਣ ਕੇ ਮੇਰੀ ਸੇਜ
ਰਾਤ ਲਈ ਸਜਾਏਗੀ
ਪੁੱਛਾਂ ਕਦੇ...

ਅੰਬਰਾਂ ਤੋਂ ਉਤਰੇ
ਜ਼ਮੀਂ 'ਤੇ ਵੱਸ ਪਵੇ
ਏਸੇ ਦੀ ਮੁੱਠੀ ਅੰਦਰੇ
ਸੁਬ੍ਹਾ ਦੀ ਦੱਸ ਪਵੇ
ਜਿਹੜੇ ਤਾਰਿਆਂ ਦੇ ਰਾਹੀਂ
ਛਣ ਕੇ ਆ ਰਹੀ
ਉਨ੍ਹਾਂ ਦੇ ਪਰਛਾਵੇਂ
ਮਨ 'ਤੇ ਆ ਵਿਛਾਏਗੀ

ਪੁੱਛਾਂ ਕਦੇ ਮੈਂ ਸ਼ਾਮ ਨੂੰ
ਸਵੇਰ ਕਦ ਨੂੰ ਆਏਗੀ
ਚਾਨਣ ਲਿਆਉਂਦਿਆਂ
ਉਹ ਕਿੰਨੀ ਦੇਰ ਲਾਏਗੀ

◆

# ਚੁੱਪ

ਚੁੱਪ ਦੇ ਇਸ ਬੰਦ ਮੈਖ਼ਾਨੇ ਵਿਚ
ਇਕ ਹੌਕੇ ਦੀ ਆਵਾਜ਼ ਵੀ ਹੈ
ਸੁਬਕਣ ਵਰਗੀ ਤਰਜ਼ ਵੀ ਹੈ
ਤੇ ਸਿਸਕੀ ਵਰਗਾ ਸਾਜ਼ ਵੀ ਹੈ

ਦੱਬੀ ਦੱਬੀ ਚੁੱਪ ਧੁਖਦੀ ਏ
ਅਹਿਸਾਸਾਂ ਦਾ ਬੱਦਲ ਬਣਦਾ
ਅੰਦਰ ਆਪਣੇ ਭਰ ਭਰ ਵੱਸਦਾ
ਤੇ ਵੱਸਦਾ ਬੇ-ਆਵਾਜ਼ ਵੀ ਹੈ

ਚੁੱਪ ਦੇ ਇਸ ਬੰਦ ਦਰ ਦੇ ਓਹਲੇ
ਤੂਫ਼ਾਨ ਤਾਂ ਆਉਂਦੇ ਜਾਂਦੇ ਨੇ
ਇਸ ਪਰਦੇ ਅੰਦਰ ਹਰ ਇਕ ਦਾ
ਕੋਈ ਰੱਖਿਆ ਢੱਕਿਆ ਰਾਜ਼ ਵੀ ਹੈ

ਹਰ ਬੋਲ ਚੁੱਪੀ ਦਾ ਆਪਣੇ ਸਾਰੇ
ਅੰਬਰ ਵਿਚ ਹੀ ਨਹੀਂ ਰਚਿਆ
ਇਸ ਦੀ ਕਾਇਨਾਤ ਦੇ ਹਰ ਮੰਜ਼ਰ
ਵਿਸ਼ਵਾਸ ਭਰੀ ਪਰਵਾਜ਼ ਵੀ ਹੈ

ਇਸ ਮੈਖ਼ਾਨੇ ਵਿਚ ਸਾਰੇ ਹੀ
ਆਪੇ ਨੂੰ ਭਰ ਭਰ ਪੀਂਦੇ ਨੇ
ਸਿਸਕੀ ਸਾਕੀ ਵੀ ਬਣਦੀ ਏ
ਤੇ ਫਿਰ ਆਪਣੀ ਹਮਰਾਜ਼ ਵੀ ਹੈ

ਰਿਸਣਾ ਇਕ ਨੀਮ ਨਸ਼ਾ ਬਣ ਕੇ
ਫਿਰ ਸਾਰੀ ਹੋਂਦ 'ਤੇ ਛਾ ਜਾਣਾ
ਇਸ ਚੁੱਪ ਵਿਚ ਪਲਦੇ ਦਰਦਾਂ ਦਾ
ਆਪਣਾ ਇਹ ਖ਼ਾਸ ਅੰਦਾਜ਼ ਵੀ ਹੈ

ਕਦੇ ਅੰਦਰ ਅੰਦਰ ਹੀ ਬੁਝਣਾ
ਫਿਰ ਆਪਣੀ ਖ਼ਾਕ ਜਗਾ ਲੈਣੀ
ਆਪੇ ਬਲ ਕੇ ਚਾਨਣ ਲੈਣਾ
ਚੁੱਪ ਜ਼ਿੰਦਗੀ ਦਾ ਆਗਾਜ਼ ਵੀ ਹੈ

ਘੁੱਟ ਕੇ ਖ਼ੁਦ ਨੂੰ ਗਲ ਲਾਉਂਦੇ ਹਾਂ
ਮਨ ਆਈਆਂ ਬਾਤਾਂ ਪਾਉਂਦੇ ਹਾਂ
ਇਸ ਚੁੱਪ ਮੈਖਾਨੇ ਅੰਦਰ ਦਾ
ਇਹ ਮਾਖਿਓਂ ਜੇਹਾ ਰਾਜ਼ ਵੀ ਹੈ

ਚੁੱਪ ਦੇ ਇਸ ਬੰਦ ਮੈਖ਼ਾਨੇ ਵਿਚ
ਇਕ ਹੌਕੇ ਦੀ ਆਵਾਜ਼ ਵੀ ਹੈ
ਸੁਬਕਣ ਵਰਗੀ ਤਰਜ਼ ਵੀ ਹੈ
ਤੇ ਸਿਸਕੀ ਵਰਗਾ ਸਾਜ਼ ਵੀ ਹੈ

◆

## ਤਾਰਿਆ ਵੇ ਤਾਰਿਆ

ਤਾਰਿਆ ਵੇ ਤਾਰਿਆ
ਤਾਰਿਆ ਪਿਆਰਿਆ
ਇਕ ਪਲ ਕੋਲ ਖਲੋ
ਲੋਅ ਤੇਰੀ ਦੇ ਮੋਤੀ ਚੁਣ ਚੁਣ
ਮਾਲਾ ਲਵਾਂ ਪਰੋ...

ਇਹ ਮਾਲਾ ਧਰਤੀ ਗਲ ਪਾਵਾਂ
ਝਮ ਝਮ ਡਲ੍ਹਕੇ ਲੋਅ
ਧਰਤੀ ਦੇ ਮੱਥੇ ਵਿਚ ਬੈਠੀ
ਦੇਵੇ ਹਨੇਰੇ ਧੋ
ਤਾਰਿਆ ਵੇ...

ਇਹ ਮਾਲਾ ਅੰਬਰ ਗਲ ਪਾਵਾਂ
ਧਰਤੀ ਉੱਤੇ ਖਲੋ
ਅੰਬਰ ਚਾਨਣ ਚਾਨਣ ਹੋਵੇ
ਖਿੰਡ ਜਾਵੇ ਖ਼ੁਸ਼ਬੋ
ਤਾਰਿਆ ਵੇ...

ਇਹ ਮਾਲਾ ਉਸਦੇ ਗਲ ਪਾਵਾਂ
ਦਰਦਾਂ ਦਾ ਹਾਣੀ ਜੋ
ਇਸ ਮਾਲਾ ਨੂੰ ਫੜੇ ਫੜੇ
ਮੈਂ ਪੱਥਰ ਜਾਣਾ ਹੋ

ਤਾਰਿਆ ਵੇ ਤਾਰਿਆ
ਤਾਰਿਆ ਪਿਆਰਿਆ
ਇਕ ਪਲ ਕੋਲ ਖਲੋ
ਲੋਅ ਤੇਰੀ ਦੇ ਮੋਤੀ ਚੁਣ ਚੁਣ
ਮਾਲਾ ਲਵਾਂ ਪਰੋ...

◆

## ਚੰਦਾ ਕਦੇ ਧਰਤ ’ਤੇ ਆ ਜਾ

ਚੰਦਾ ਕਦੇ ਧਰਤ ’ਤੇ ਆ ਜਾ
ਆਪਣੀ ਸਹਿਜ ਨੁਹਾਰ
ਅਸੀਂ ਵੀ ਤੇਰੇ ਵਾਂਗੂੰ ਜੀਂਦੇ
ਮਰ ਮਰ ਵਾਰੋ ਵਾਰ
ਚੰਦਾ ਕਦੇ...

ਏਥੇ ਵੀ ਸਭ ਖ਼ਾਲੀ ਖ਼ਾਲੀ
ਸੁੰਨ ਮਸਾਣ ਸਵੇਰੇ
ਪੂਰਬ ਜਾਗਣ ਪੱਛਮ ਅਸਤਣ
ਸਾਡੇ ਸਾਰੇ ਫੇਰੇ
ਇੰਜ ਖੜ੍ਹੇ ਹਾਂ ਜ਼ਿੰਦਗੀ ਵਿਹੜੇ
ਜਿਉਂ ਤੂੰ ’ਕੱਲ-ਮੁਕੱਲਾ
ਭਰੇ ਭਕੁੰਨੇ ਤਾਰਿਆਂ ਵਾਲੇ
ਅੰਬਰ ਦੇ ਵਿਚਕਾਰ
ਚੰਦਾ ਕਦੇ...

ਲੰਮ-ਸਲੰਮੀਆਂ ਵਾਟਾਂ ਸਾਡੀਆਂ
ਸੰਗ ਥਿੜਕਦੇ ਸਾਏ
ਬਿਨ ਮੰਜ਼ਿਲ ਦੇ ਰਾਹੀ ਹਾਂ
ਬੱਸ ਸਫ਼ਰਾਂ ਦੇ ਭਰਮਾਏ
ਕਿੱਥੇ ਜਾਣਾ, ਰੋਜ਼ ਸੋਚੀਏ
ਰੁਕ ਰੁਕ ’ਕੱਲ-ਮੁਕੱਲੇ
ਸੁੰਨ ਤੇ ਰਾਤਾਂ ਹੀ ਸਾਥੀ ਨੇ
ਬੱਸ ਤੇਰੇ ਹੀ ਹਾਰ
ਚੰਦਾ ਕਦੇ...

ਜੀਣ ਤੁਰੇ ਸਾਂ ਇਕ ਤਲਿਸਮੀ
ਸੁਪਨਾ ਕੰਚਨ ਕਾਇਆ

ਪਰ ਜੀਂਦੇ ਹਾਂ ਤਿੜਕੇ ਸੱਚ ਦੀ
ਲਹੂ-ਲੁਹਾਨੀ ਛਾਇਆ
ਕਦੇ ਥਲਾਂ ਤੇ ਕਦੇ ਬਰਫ਼ ਨੇ
ਐਸੇ ਰਸਤੇ ਮੱਲੇ
ਤਪੀਆਂ ਛਾਵਾਂ, ਠਰੀਆਂ ਧੁੱਪਾਂ
ਇਸ ਜੀਵਨ ਦਾ ਸਾਰ

ਚੰਦਾ ਕਦੇ ਧਰਤ ’ਤੇ ਆ ਜਾ
ਆਪਣੀ ਸਹਿਜ ਨੁਹਾਰ
ਅਸੀਂ ਵੀ ਤੇਰੇ ਵਾਂਗੂੰ ਜੀਂਦੇ
ਮਰ ਮਰ ਵਾਰੋ ਵਾਰ
ਚੰਦਾ ਕਦੇ...

◆

# ਅੱਜ ਚਾਹਾਂ ਮੈਂ

ਅੱਜ ਚਾਹਾਂ ਮੈਂ...
ਕੁਝ ਇੰਜ ਹੋਵੇ ਜਾਂ ਉਂਜ ਹੋਵੇ
ਮੇਰੇ ਦਿਲ ਨੂੰ ਚਾਅ ਚੜ੍ਹ ਜਾਵੇ
ਕੋਈ ਆ ਜਾਵੇ, ਮੁਸਕਾ ਜਾਵੇ
ਬਸ ਦਿਨ ਵਿਚ ਰੰਗ ਭਰ ਜਾਵੇ
ਅੱਜ ਚਾਹਾਂ ਮੈਂ...

ਤੈਨੂੰ ਤੱਕ ਤੱਕ ਆਉਂਦੀ ਸਰਘੀ ਵੀ
ਕੁਝ ਹੋਰ ਸੁਨਹਿਰੀ ਹੋ ਜਾਵੇ
ਇਹ ਪੌਣ ਤੇਰਾ ਪੱਲੂ ਛੂਹ ਕੇ
ਚੰਦਨ ਜਿਹੀ ਮਹਿਕੀ ਹੋ ਜਾਵੇ
ਅੱਜ ਚਾਹਾਂ ਮੈਂ...

ਚਾਅ ਚੁੱਕੇ ਨਾ ਜਾਵਣ ਬੱਦਲਾਂ ਤੋਂ
ਤੈਨੂੰ ਤੱਕਣ ਘਟਾਵਾਂ ਆ ਆ ਕੇ
ਮੁੱਕ ਜਾਣ ਕਮਲੀਆਂ ਵੱਸ ਵੱਸ ਕੇ
ਫਿਰ ਸਤਰੰਗੀ ਮੁਸਕਾ ਜਾਵੇ
ਅੱਜ ਚਾਹਾਂ ਮੈਂ...

ਅੰਬਰ ਤੋਂ ਭੂਰ ਪਵੇ ਕਿਣ ਕਿਣ
ਫੁੱਲ ਧਰਤੀ ਤੋਂ ਹੱਸ ਹੱਸ ਜਾਗਣ
ਸਾਵਾ ਘਾਹ ਬਣ ਕੇ ਇਹ ਮਨ ਵੀ
ਤੇਰੇ ਰਾਹਾਂ ਉੱਤੇ ਵਿਛ ਜਾਵੇ

ਅੱਜ ਚਾਹਾਂ ਮੈਂ...
ਕੁਝ ਇੰਜ ਹੋਵੇ ਜਾਂ ਉਂਜ ਹੋਵੇ
ਮੇਰੇ ਦਿਲ ਨੂੰ ਚਾਅ ਚੜ੍ਹ ਜਾਵੇ
ਕੋਈ ਆ ਜਾਵੇ, ਮੁਸਕਾ ਜਾਵੇ
ਬਸ ਦਿਨ ਵਿਚ ਰੰਗ ਭਰ ਜਾਵੇ
ਅੱਜ ਚਾਹਾਂ ਮੈਂ...

◆

## ਤਾਰਿਆ ਤੇਰੀ ਲੋਏ ਲੋਏ

ਤਾਰਿਆ ਤੇਰੀ ਲੋਏ ਲੋਏ
ਮੋਤੀ ਬਹੁਤ ਪਰੋਏ
ਪਰ ਉਹ ਸਾਰੇ ਹੰਝੂ ਨਿਕਲੇ
ਮਿੱਟੀ ਕਿਰੇ ਤੇ ਮੋਏ...

ਤਾਰਿਆ, ਤੇਰੀ ਲੋਏ ਲੋਏ
ਸੁਪਨਾ ਕੋਈ ਤਰੇ
ਆਸਾਂ ਦੇ ਪੌਦੇ ਲਹਿਰਾਵਣ
ਚਾਵਾਂ ਨਾਲ ਭਰੇ
ਜੁਗਨੂੰਆਂ ਵਾਂਗ ਟਿਮਕਦੇ ਹਾਸੇ
ਆਪੇ ਵਿਚ ਸਮੋਏ
ਉਹ ਸਾਰੇ ਹੀ ਹੰਝੂ ਨਿਕਲੇ
ਮਿੱਟੀ ਕਿਰੇ ਤੇ ਮੋਏ
ਤਾਰਿਆ...

ਤਾਰਿਆ ਤੇਰੀ ਲੋਏ ਲੋਏ
ਕਿਸੇ ਨੂੰ ਯਾਦ ਕਰਾਂ
ਨੀਰੋ ਨੀਰੀ ਬੀਤੇ ਸਾਗਰ
ਲਹਿਰੋ ਲਹਿਰ ਤਰ੍ਹਾਂ
ਤਰਦੇ ਤਰਦੇ ਚਾਹਤ ਦੇ
ਕੁਝ ਫੁੱਲ ਇਕੱਠੇ ਹੋਏ
ਪਰ ਉਹ ਸਾਰੇ ਹੰਝੂ ਨਿਕਲੇ
ਮਿੱਟੀ ਕਿਰੇ ਤੇ ਮੋਏ
ਤਾਰਿਆ...

ਤਾਰਿਆ ਤੇਰੀ ਲੋਏ ਲੋਏ
ਅੰਬਰ ਹੈ ਭਰਪੂਰ

ਪਰ ਆਪਣੇ ਹੀ ਘੇਰੇ ਜੀਵੇ
ਹਰ ਤਾਰੇ ਦਾ ਨੂਰ
ਘੇਰੇ ਅੰਦਰ ਝੁਰਦੇ ਚਾਨਣ
'ਕੱਲੇ 'ਕੱਲੇ ਰੋਏ
ਤਾਂ ਉਹ ਸਾਰੇ ਹੰਝੂ ਹੋਏ
ਮਿੱਟੀ ਕਿਰੇ ਤੇ ਮੋਏ
ਤਾਰਿਆ...

ਤਾਰਿਆ ਤੇਰੀ ਲੋਏ ਲੋਏ
ਜਿੰਦ ਖਿਲਰਦੀ ਜਾਵੇ
ਪੌਣਾਂ ਨੂੰ ਸਾਹ ਵਾਪਸ ਕਰਦੀ
ਨਿੱਤ ਨਿੱਤ ਕਿਰਦੀ ਜਾਵੇ
ਮਰਦੀ ਜਿੰਦ ਦੇ ਟੋਟੇ ਆਪਣੀ
ਆਪਣੀ ਕਬਰ 'ਚ ਰੋਏ
ਖ਼ੁਦ ਵੀ ਤਾਂ ਸਾਰੇ ਹੰਝੂ ਸੀ
ਮਿੱਟੀ ਕਿਰੇ ਤੇ ਮੋਏ

ਤਾਰਿਆ ਤੇਰੀ ਲੋਏ ਲੋਏ
ਮੋਤੀ ਬਹੁਤ ਪਰੋਏ
ਪਰ ਉਹ ਸਾਰੇ ਹੰਝੂ ਨਿਕਲੇ
ਮਿੱਟੀ ਕਿਰੇ ਤੇ ਮੋਏ...

◆

# ਮੈਨੂੰ ਪੁੱਛਦੇ ਰਹਿੰਦੇ ਗੀਤ ਮੇਰੇ

ਮੈਨੂੰ ਪੁੱਛਦੇ ਰਹਿੰਦੇ ਗੀਤ ਮੇਰੇ
ਤੂੰ ਕਿਸ ਨੂੰ ਮੁਖ਼ਾਤਿਬ ਹੋਣਾ ਏ
ਜਾਂ ਘੋਰ ਖਲਾਅ ਵਿਚ ਆਪਣੇ ਹੀ
ਸ਼ਬਦਾਂ ਗਲ ਲੱਗ ਕੇ ਰੋਣਾ ਏ
ਮੈਨੂੰ ਪੁੱਛਦੇ ਰਹਿੰਦੇ...

ਉਹ ਪੁੱਛਦੇ, ਛੋਹ ਕਿਸ ਰਿਸ਼ਤੇ ਦੀ
ਜ਼ਿੰਦਗੀ ਦੀ ਕਦੋਂ ਤਾਬੀਰ ਬਣੀ
ਕਿਸ ਅਕਸ ਦੇ ਗਹਿਰੇ ਰੰਗਾਂ ’ਚੋਂ
ਕੋਈ ਚਾਹਤ ਦੀ ਤਸਵੀਰ ਬਣੀ
ਕੋਈ ਆਹਟ ਨਹੀਂ, ਆਵਾਜ਼ ਨਹੀਂ
ਅਹਿਸਾਸ ਦਾ ਕੋਈ ਸਾਜ਼ ਨਹੀਂ
ਖੁਰ ਕੇ ਖਿੱਲਰ ਗਏ ਰੰਗਾਂ ’ਚੋਂ
ਹੁਣ ਕਿਹੜਾ ਰੂਪ ਸਜਾਉਣਾ ਏਂ
ਤੇ ਕਿਸ ਨੂੰ ਮੁਖ਼ਾਤਿਬ ਹੋਣਾ ਏ
ਮੈਨੂੰ ਪੁੱਛਦੇ ਰਹਿੰਦੇ...

ਉਹ ਪੁੱਛਦੇ ਕਿਹੜੀ ਧਰਤੀ ’ਤੇ
ਬੁੱਤ ਤਿੜਕ ਗਏ ਤੇ ਸਾਹ ਛੁਟਕੇ
ਧਸ ਗਏ ਜਦ ਪੈਰ ਪਤਾਲਾਂ ਵਿਚ
ਤੇ ਮੋਏ ਤਾਰੇ ਦਮ ਘੁੱਟ ਕੇ
ਕਦ ਸੱਤਾ ਬਦਲੀ ਛਾਵਾਂ ਦੀ
ਤੇ ਫਟੀ ਬਿਆਈ ਚਾਵਾਂ ਦੀ
ਉਸ ਯੁੱਗਾਂ ਪਿਛਲੇ ਪੰਨੇ ਦਾ
ਹੁਣ ਕਿਹੜਾ ਹਰਫ਼ ਉਠਾਉਣਾ ਏ
ਤੇ ਕਿਸ ਨੂੰ ਮੁਖ਼ਾਤਿਬ ਹੋਣਾ ਏ
ਮੈਨੂੰ ਪੁੱਛਦੇ ਰਹਿੰਦੇ...

ਉਹ ਪੁੱਛਦੇ ਕਿਹੜੇ ਮੋਢੇ ’ਤੇ
ਹੁਣ ਖਿੱਲਰੀ ਖ਼ੁਦ ਨੂੰ ਧਰਨਾ ਏ
ਬੇਕਾਬੂ ਗਹਿਰੀ ਧੁੰਦ ਵਿਚੋਂ
ਆਪੇ ਨੇ ਕਿੰਜ ਨਿੱਤਰਨਾ ਏਂ
ਕੋਈ ਚਾਨਣ ਨਹੀਂ ਪਰਵਾਜ਼ ਨਹੀਂ
ਤੇ ਜੀਣ ਦਾ ਸੂਤਰ ਯਾਦ ਨਹੀਂ
ਧੁੰਦਲਕੇ ਵਿਚੋਂ ਨਿਕਲਣ ਲਈ
ਕੋਈ ਸੁਪਨਾ ਕਿੰਜ ਜਲਾਉਣਾ ਏਂ
ਤੇ ਕਿਸ ਨੂੰ ਮੁਖ਼ਾਤਿਬ ਹੋਣਾ ਏ
ਮੈਨੂੰ ਪੁੱਛਦੇ ਰਹਿੰਦੇ...

ਪੁੱਛਦੇ ਵੀਰਾਨ ਜਜ਼ੀਰੇ ਤੇ
ਜਦ ਵੀ ਕੋਈ ਕਿਸ਼ਤੀ ਲਗਦੀ ਏ
ਤਾਂ ਜ਼ਿੰਦਗੀ ਦੇ ਉਸ ਟੋਟੇ ’ਤੇ
ਕੋਈ ਹਲਚਲ ਫੇਰ ਪੱਸਰਦੀ ਏ
ਤਦ ਕੋਈ ਜ਼ਲਜ਼ਲਾ ਆ ਜਾਵੇ
ਹਰ ਬਣੀ ਇਬਾਰਤ ਢਾਹ ਜਾਵੇ
ਤਾਂ ਚਿਹਰਿਆਂ ਦੇ ਇਸ ਖੰਡਰ ਵਿਚ
ਹੁਣ ਕਿਸ ਥਾਂ ਦੀਪ ਜਗਾਉਣਾ ਏ
ਤੇ ਕਿਸ ਨੂੰ ਮੁਖ਼ਾਤਿਬ ਹੋਣਾ ਏ
ਮੈਨੂੰ ਪੁੱਛਦੇ ਰਹਿੰਦੇ...

ਪੁੱਛਦੇ ਦਰਦਾਂ ਦੇ ਝੁਰਮਟ ਨੂੰ
ਸ਼ਬਦਾਂ ਵਿਚ ਕਿੰਜ ਚਿਤਰਨਾ ਏ
ਤੇ ਸੁੰਨੇ-ਮ-ਸੁੰਨੇ ਆਪੇ ਨੂੰ
ਕਿਸ ਰੰਗ ਵਿਚ ਅੰਕਿਤ ਕਰਨਾ ਏ
ਜਿਥੇ ਮੌਸਮ ਤੋਰ ਬਦਲਦੇ ਰਹੇ

ਆਸਾਂ ਦੇ ਪੰਖੇਰੂ ਮਰਦੇ ਰਹੇ
ਹੁਣ ਯਾਦਾਂ ਦੇ ਪਥਰਾਟਾਂ 'ਚੋਂ
ਫਿਰ ਜੀਵਨ ਕਿੰਜ ਜਗਾਉਣਾ ਏਂ
ਤੇ ਕਿਸ ਨੂੰ ਮੁਖ਼ਾਤਿਬ ਹੋਣਾ ਏਂ

ਮੈਨੂੰ ਪੁੱਛਦੇ ਰਹਿੰਦੇ ਗੀਤ ਮੇਰੇ
ਤੂੰ ਕਿਸ ਨੂੰ ਮੁਖ਼ਾਤਿਬ ਹੋਣਾ ਏ
ਜਾਂ ਘੋਰ ਖਲਾਅ ਵਿਚ ਆਪਣੇ ਹੀ
ਸ਼ਬਦਾਂ ਗਲ ਲੱਗ ਕੇ ਰੋਣਾ ਏ
ਮੈਨੂੰ ਪੁੱਛਦੇ ਰਹਿੰਦੇ...

◆

## ਰਾਤ ਦੀ ਕਾਲੀ ਗਹਿਰੀ ਛਾਵੇਂ

ਰਾਤ ਦੀ ਕਾਲੀ ਗਹਿਰੀ ਛਾਵੇਂ
ਤਾਰਿਆਂ ਦੀ ਡਲ੍ਹਕੇ ਲੋ
ਜ਼ਿੰਦਗੀ ਤੇ ਜਿੰਦ ਗੱਲਾਂ ਕਰਦੇ
ਕੋਲ਼ੇ ਕੋਲ਼ ਖਲੋ
ਜਿੰਦੇ ਨੀ ਤੂੰ ਗੱਲਾਂ ਕਰ ਲੈ
ਮਨ ਦੇ ਧੋਣੇ ਧੋ
ਰਾਤ ਦੀ...

ਗੱਲ ਕਰਾਂ ਤੇਰੀ ਜਾਂ ਮੇਰੀ
ਜੱਗ ਦੀ ਕੌਣ ਕਰੇ
ਜਦ ਵੀ ਛੇੜਾਂ ਮਨ ਦੀਆਂ ਬਾਤਾਂ
ਰਿਸਦੇ ਜ਼ਖ਼ਮ ਹਰੇ
ਸਾਰੀਆਂ ਚੀਸਾਂ ਚੁਣ ਚੁਣ ਆਪੇ
ਸਾਹਾਂ ਵਿਚ ਪਰੋ
ਰਾਤ ਦੀ...

ਲੰਮੀਆਂ ਲੰਮੀਆਂ ਵਾਟਾਂ ਅੰਦਰ
ਨਿੱਕੜੇ ਨਿੱਕੜੇ ਬੋਲ
ਕਦੇ ਚੁੱਪ ਨੂੰ ਚੀਰੀ ਆਉਂਦੇ
ਮਨ ਦੇ ਪੰਛੀ ਕੋਲ
ਆਪਣੀ ਆਪਣੀ ਗੁਟਕੂੰ ਪਿੱਛੇ
ਖੜ੍ਹ ਕੇ ਪੈਂਦੇ ਰੋ
ਰਾਤ ਦੀ...

ਕੀ ਜਿੰਦ ਖਾਵੇ ਤੇ ਕੀ ਪੀਵੇ
ਪੁੱਛਣ ਤਾਰੇ ਰੋਜ਼
ਖ਼ੁਦ ਨੂੰ ਖਾਏ ਪੀਏ ਉਡੀਕਾਂ

ਸੰਗ ਆਸਾਂ ਦੇ ਚੋਗ
ਆਪੇ ਹੱਸ ਕੇ ਆਪਣੇ ਤੇ ਫਿਰ
ਆਪੇ ਪੈਂਦੀ ਰੋ
ਰਾਤ ਦੀ...

ਕਿਸੇ ਸਵੇਰ ਨੂੰ ਮਿਲਣ ਬਹਾਨੇ
ਜਿੰਦ ਹਨੇਰੇ ਪੀਵੇ
ਤਾਰਿਆਂ ’ਤੇ ਪੱਬ ਧਰਦੀ
ਛਲਨੀ ਲੋ ਨਿੱਤ ਪਈ ਸੀਵੇ
ਪੱਬ ਤਿਲਕੇ, ਇਕ ਤਾਰੇ ਤੋਂ
ਤੇ ਲੀਰਾਂ ਸਾਰੀ ਲੋਅ
ਰਾਤ ਦੀ...

ਜਿੰਦੂ ਪੁੱਛੇ ਦੱਸ ਜ਼ਿੰਦਗੀ
ਤੇਰਾ ਕੈਸਾ ਵਿਧੀ ਵਿਧਾਨ
ਤੇਰੀਆਂ ਸ਼ਰਤਾਂ ’ਤੇ ਜੇ ਜੀਵਾਂ
ਫਿਰ ਵੀ ਹਾਂ ਹੈਰਾਨ
ਲੱਭਦੇ ਤੇਰੀਆਂ ਪੈੜਾਂ ਨੂੰ
ਕਿਉਂ ਪੱਥਰ ਜਾਈਏ ਹੋ
ਰਾਤ ਦੀ...

ਜ਼ਿੰਦਗੀ ਅੰਬਰ ਬਣ ਛਾਏ ਤਾਂ
ਧਰਤੀ ਉਸਦੀ ਹੋਈ
ਰੋਜ਼ ਉਡੀਕੇ ਅੰਬਰ ਦੀ
ਬੱਦਲਾਂ ਵਰਗੀ ਛੋਹ ਕੋਈ
ਯੁੱਗਾਂ ਨਜ਼ਰ ਦੋਮੇਲਾਂ ਦੀ
ਇਕ ਨੁੱਕਰ ਰਹੇ ਖਲੋ

ਰਾਤ ਦੀ ਕਾਲੀ ਗਹਿਰੀ ਛਾਵੇਂ
ਤਾਰਿਆਂ ਦੀ ਡਲ੍ਹਕੇ ਲੋ
ਜ਼ਿੰਦਗੀ ਤੇ ਜਿੰਦ ਗੱਲਾਂ ਕਰਦੇ
ਕੋਲ਼ੇ ਕੋਲ਼ ਖਲੋ
ਜਿੰਦੇ ਨੀ ਤੂੰ ਗੱਲਾਂ ਕਰ ਲੈ
ਮਨ ਦੇ ਧੋਣੇ ਧੋ
ਰਾਤ ਦੀ...

◆

## ਅੱਜ ਦਿਲ ਬੜਾ ਹੀ ਉਦਾਸ ਹੈ

ਅੱਜ ਦਿਲ ਬੜਾ ਹੀ ਉਦਾਸ ਹੈ
ਇਕ ਯਾਦ ਆਸ ਪਾਸ ਹੈ
ਨਾ ਟਿਕ ਰਹੀ ਨਾ ਜਾ ਰਹੀ
ਬੇਚੈਨ ਹੈ, ਜਾਂ ਉਦਾਸ ਹੈ

ਯਾਦ ਹੈ, ਇਕ ਸ਼ਾਮ ਨੂੰ
ਕਿਸੇ ਗੁੰਮ ਗਏ ਪੈਗ਼ਾਮ ਦੀ
ਬੰਦ ਉਸ ਲਿਫ਼ਾਫ਼ੇ 'ਚ ਸੀ ਜਿਵੇਂ
ਕੋਈ ਸੋਅ ਕਿਸੇ ਦੇ ਆਣ ਦੀ
ਪੈਗ਼ਾਮ ਵਾਲੀ ਸ਼ਾਮ ਪਿੱਛੋਂ
ਲਾਪਤਾ ਹਰ ਆਸ ਹੈ
ਅੱਜ ਦਿਲ...

ਪੱਲੂ ਯਾਦ ਦੇ ਵਿਚ ਫੁੱਲ ਸੀ
ਸੁੱਕੇ ਕਿਤਾਬਾਂ ਵਿਚ ਪਏ
ਇਹਦੇ ਸੁਪਨੇ ਸਾਰੇ ਉਡੀਕਦੇ
ਲੰਬੇ ਹਿਸਾਬਾਂ ਵਿਚ ਗਏ
ਇਹ ਨਾ ਜਾਣਦੀ ਕਿਸ ਦੇਸ਼ ਵਿਚ
ਸੁਪਨੇ ਦਾ ਹੁਣ ਨਿਵਾਸ ਹੈ
ਅੱਜ ਦਿਲ...

ਕੁੜੀ ਕਿਸੇ ਉਦਾਸ ਵਾਂਗਰਾਂ
ਇਸ ਯਾਦ ਦੀ ਨੁਹਾਰ ਹੈ
ਇਕ ਨੈਣ ਵਿਚ ਖੰਡਰ ਭਰੇ
ਦੂਜਾ ਤਾਂਘਦਾ ਬਹਾਰ ਹੈ
ਹੁਣ ਮੌਸਮਾਂ 'ਤੇ ਯਕੀਨ ਨਾ
ਤੇ ਯਕੀਨ ਖ਼ੁਦ ਨਿਰਾਸ਼ ਹੈ
ਅੱਜ ਦਿਲ...

ਕਦੇ ਖ਼ੁਦ ਨੂੰ ਇਹ ਸਮੇਟਦੀ
ਕਦੇ ਖਿਝ ਕੇ ਆਪ ਤੋੜਦੀ
ਰਾਤੀਂ ਅਚਾਨਕ ਜਾਗ ਕੇ
ਆਪਣੇ ਉਹ ਟੋਟੇ ਜੋੜਦੀ
ਤੇ ਸਵੇਰ ਨੂੰ ਫਿਰ ਸੋਚਦੀ
ਜ਼ਿੰਦਗੀ ਤਾਂ ਇਕ ਬਨਵਾਸ ਹੈ

ਅੱਜ ਦਿਲ ਬੜਾ ਹੀ ਉਦਾਸ ਹੈ
ਇਕ ਯਾਦ ਆਸ ਪਾਸ ਹੈ
ਨਾ ਟਿਕ ਰਹੀ ਨਾ ਜਾ ਰਹੀ
ਬੇਚੈਨ ਹੈ, ਜਾਂ ਉਦਾਸ ਹੈ

◆

## ਸ਼ਾਮ ਦੀ ਸਰਦਲ ’ਤੇ

ਸ਼ਾਮ ਤੇ ਰਾਤ ਦੀ ਸਰਦਲ ’ਤੇ
ਜਦ ਖੜ੍ਹਿਆ ਕਰਦੇ ਹਾਂ
ਜ਼ਿੰਦਗੀ ਨਾਲ ਅਵੱਲੀਆਂ ਗੱਲਾਂ
ਕਰਿਆ ਕਰਦੇ ਹਾਂ

ਜ਼ਿੰਦਗੀ ! ਤੇਰੇ ਤੰਬੂ ਅੰਦਰ
ਡਾਢਾ ਘੁੱਪ ਹਨੇਰ
ਆਪੀਂ ਬਲ ਕੇ ਅੰਦਰ ਚਾਨਣ
ਕਰਿਆ ਕਰਦੇ ਹਾਂ
ਸ਼ਾਮ ਤੇ ਰਾਤ ਦੀ...

ਠੰਢੀਆਂ ਛਾਵਾਂ ਤੇਰੀਆਂ ਆਖ਼ਰ
ਥਲ ਦਾ ਰੂਪ ਵਟਾਣ
ਹੰਝੂ ਬਣ ਕੇ ਆਪਣੇ ਉੱਤੇ
ਵਰ੍ਹਿਆ ਕਰਦੇ ਹਾਂ
ਸ਼ਾਮ ਤੇ ਰਾਤ ਦੀ...

ਲੰਬੀਆਂ ਸੁੰਨੀਆਂ ਵਾਟਾਂ ਉੱਤੇ
ਕੋਈ ਨਾ ਸੀ ਰਾਹੀ
ਰਾਹਜ਼ਨ ਕਿੱਥੋਂ ਆਏ
ਚਰਚਾ ਕਰਿਆ ਕਰਦੇ ਹਾਂ
ਸ਼ਾਮ ਤੇ ਰਾਤ ਦੀ...

ਤੇਰੇ ਹੀ ਉਕਸਾਏ ਸ਼ਰਤਾਂ
ਲਾ ਕੇ ਤੇਰੇ ਨਾਲ
ਤੇਰੀ ਸ਼ਾਤਰਤਾ ਦੇ ਕਾਰਨ
ਹਰਿਆ ਕਰਦੇ ਹਾਂ
ਸ਼ਾਮ ਤੇ ਰਾਤ ਦੀ...

ਤੈਥੋਂ ਪੁੱਛਿਆ ਹਰ ਸੁਆਲ ਤਾਂ
ਬਿਨਾਂ ਜੁਆਬ ਰਿਹਾ
ਫਿਰ ਵੀ ਤੇਰੇ ਡੰਗ ਤੇ ਚੋਭਾਂ
ਜਰਿਆ ਕਰਦੇ ਹਾਂ
ਸ਼ਾਮ ਤੇ ਰਾਤ ਦੀ...

ਇਸ ਮੰਦਰ ਵਿਚ ਅਜੇ ਤੀਕ
ਕੋਈ ਬੁੱਤ ਨਹੀਂ ਸਜਿਆ
ਫਿਰ ਵੀ ਖ਼ਬਰੇ ਕਿਸ ਦੀ ਪੂਜਾ
ਕਰਿਆ ਕਰਦੇ ਹਾਂ

ਸ਼ਾਮ ਤੇ ਰਾਤ ਦੀ ਸਰਦਲ ’ਤੇ
ਜਦ ਖੜ੍ਹਿਆ ਕਰਦੇ ਹਾਂ
ਜ਼ਿੰਦਗੀ ਨਾਲ ਅਵੱਲੀਆਂ ਗੱਲਾਂ
ਕਰਿਆ ਕਰਦੇ ਹਾਂ

◆

## ਜਿੰਦ ਜਦ ਵੀ ਕੋਈ ਸਵਾਲ ਕਰੇ

ਜਿੰਦ ਜਦ ਵੀ ਕੋਈ ਸਵਾਲ ਕਰੇ
ਜ਼ਿੰਦਗੀ ਗੁੱਪ ਚੁੱਪ ਰਹਿ ਜਾਵੇ
ਕੱਚ ਉਸ ਅਣਬੋਲੇ ਸੱਚ ਦਾ
ਜਿੰਦੂ ਦੇ ਮਨ ਵਿਚ ਬਹਿ ਜਾਵੇ

ਕਿਉਂ ਉਮਰੋਂ ਲੰਮੀਆਂ ਵਾਟਾਂ ਵਿਚ
ਮਿਲਦਾ ਨਾ ਕੋਈ ਹਮਰਾਹੀ
ਖ਼ੁਦ ਪਲਾਂ ਨੇ ਕੀਤੇ ਜ਼ਖ਼ਮਾਂ ’ਤੇ
ਨਾ ਜਲਦੀ ਕੋਈ ਦਵਾ ਲਾਈ
ਕਿਉਂ ਹਰ ਵਾਰੀ ਅਣ-ਛਣਿਆ ਸੱਚ
ਕਿਤੇ ਅੰਦਰ ਚੁਭਦਾ ਰਹਿ ਜਾਵੇ
ਜਿੰਦ ਜਦ ਵੀ...

ਕਦੇ ਮ੍ਰਿਗ ਤ੍ਰਿਸ਼ਨਾ ਮਾਰੀ ਜਿੰਦ
ਕਿਉਂ ਪਿਆਸ ਦੇ ਸਾਗਰ ਤਰਦੀ ਏ
ਤੇ ਕਿਸੇ ਹੁੰਗਾਰੇ ਦੇ ਰਸਤੇ
ਨਿੱਤ ਕਤਰਾ ਕਤਰਾ ਮਰਦੀ ਏ
ਅਣਪੀਤੇ ਘੁੱਟਾਂ ਦੇ ਸਾਗਰ
ਕਿਉਂ ਸਾਰੀ ਹਯਾਤੀ ਵਹਿ ਜਾਵੇ
ਜਿੰਦ ਜਦ ਵੀ...

ਕਦੇ ਜਿੰਦ ਆਪਣੇ ਅੰਦਰੇ ਅੰਦਰ
ਖ਼ੁਦ ਵੀ ਏਵੇਂ ਕਿਉਂ ਕਰਦੀ ਏ
ਧੁਰ ਅੰਦਰ ਦੀਆਂ ਤਹਿਆਂ ਤੱਕ
ਟੁੱਟੇ ਪਰ ਸਾਂਭੀ ਰੱਖਦੀ ਏ
ਕਿਸੇ ਬੇਬਸ ਡੁੱਲ੍ਹਦੇ ਪਲ ਅੰਦਰ
ਸਭ ਹੰਝੂ ਬਣ ਕੇ ਵਹਿ ਜਾਵੇ
ਜਿੰਦ ਜਦ ਵੀ...

ਅਣਦਿਸਦੇ ਕੱਚ ਦਾ ਕੰਕਰ ਇੰਜ
ਅੰਤਰ ਵਿਚ ਜਾ ਕੇ ਵੱਸ ਜਾਵੇ
ਨਿੱਤ ਅੰਦਰ ਧਸਦਾ ਜਾਵੇ ਤੇ
ਸਾਹਾਂ ਨੂੰ ਏਵੇਂ ਡੱਸ ਜਾਵੇ
ਫਿਰ ਨਾ ਜਿੰਦੂ...ਜਿੰਦੂ ਰਹਿੰਦੀ
ਨਾ ਜ਼ਿੰਦਗੀ...ਜ਼ਿੰਦਗੀ ਰਹਿ ਜਾਵੇ

ਜਿੰਦ ਜਦ ਵੀ ਕੋਈ ਸਵਾਲ ਕਰੇ
ਜ਼ਿੰਦਗੀ ਗੁੱਪ ਚੁੱਪ ਰਹਿ ਜਾਵੇ
ਕੱਚ ਉਸ ਅਣਬੋਲੇ ਸੱਚ ਦਾ
ਜਿੰਦੂ ਦੇ ਮਨ ਵਿਚ ਬਹਿ ਜਾਵੇ

◆

# ਮੇਰੇ ਨਾਮ ਦੇ ਪੰਨੇ ਖੋਲ੍ਹ ਜ਼ਰਾ

ਮੇਰੇ ਨਾਮ ਦੇ ਪੰਨੇ ਖੋਲ੍ਹ ਜ਼ਰਾ
ਉਹ ਖ਼ਬਰੇ ਕਿਹੜੇ ਹਾਲ ਪਏ
ਤੇਰੇ ਪਾਲ਼ੇ ਅੰਦਰ ਜ਼ਿੰਦਗੀ
ਮੇਰੇ ਉਲਝੇ ਕਈ ਸਵਾਲ ਪਏ

ਕਿਉਂ ਗਹਿਰੀਆਂ ਦਿੱਤੀਆਂ ਪਿਆਸਾਂ ਤੂੰ
ਜਦ ਬੱਦਲ ਆਪ ਵੀ ਪਿਆਸੇ ਨੇ
ਪੀਂਦੇ ਉਹ ਖ਼ੁਦ ਪਾਣੀ ਆਪਣਾ
ਖਿਲਰਦੇ ਆਸੇ ਪਾਸੇ ਨੇ
ਆਸਾਂ ਦੇ ਪੰਖੇਰੂ ਧਰਤੀ ਉੱਤੇ
ਪਿਆਸਾਂ ਨਾਲ ਬੇਹਾਲ ਪਏ
ਮੇਰੇ ਨਾਮ ਦੇ...

ਕਿਉਂ ਸੋਚ ਤੋਂ ਲੰਬੀਆਂ ਵਾਟਾਂ ਵਿਚ
ਸਾਹ ਕਾਫ਼ੀ ਨਹੀਂ ਸਨ ਜੀਣ ਲਈ
ਮੰਗੀ ਜੋ ਜ਼ਿੰਦਗੀ ਜੀਣ ਲਈ
ਉਸ ਦਿੱਤੇ ਹੰਝੂ ਪੀਣ ਲਈ
ਤੁਰਦੇ ਰਹੇ ਫਿਰ ਵੀ ਕਦਮ ਮੇਰੇ
ਤੁਰਦੇ ਓਸੇ ਹੀ ਹਾਲ ਰਹੇ
ਮੇਰੇ ਨਾਮ ਦੇ...

ਸੁਪਨੇ ਦੇ ਨਕਸ਼ ਸੰਵਾਰਨ ਦੀ
ਕਿਉਂ ਹਰ ਤਦਬੀਰ ਤਿੜਕਦੀ ਏ
ਜਿਹੜੀ ਦਿਸ਼ਾ ਉਹ ਤੁਰਦੀ ਏ
ਰੇਤਾ ਬਣ ਕੇ ਹੀ ਭੁਰਦੀ ਏ
ਤੇਰੀ ਸਿਰਜਣ ਸ਼ਕਤੀ ਕਿਉਂ ਖਿੱਲਰੀ
ਕਿਉਂ ਸਾਰੇ ਤਾਲ ਬੇਤਾਲ ਰਹੇ
ਮੇਰੇ ਨਾਮ ਦੇ...

ਕੁਝ ਵੀ ਨਾ ਕਦੇ ਬਦਲ ਸਕਿਆ
ਚਾਨਣ ਜਾਂ ਘੋਰ ਹਨੇਰਾ ਸੀ
ਹਰ ਛਿਣ ਦੀ ਧੜਕਣ ਦੇ ਪਿਛਲਾ
ਜਿਉਂ ਹਰ ਨ੍ਹੇਰਾ ਪਲ ਮੇਰਾ ਸੀ
ਤਾਣੇ, ਹਰ ਮੋੜ ਦੇ ਓਹਲੇ ਤੇਰੇ
ਨਵੇਂ ਨਵੇਲੇ ਜਾਲ ਪਏ

ਮੇਰੇ ਨਾਮ ਦੇ ਪੰਨੇ ਖੋਲ੍ਹ ਜ਼ਰਾ
ਉਹ ਖ਼ਬਰੇ ਕਿਹੜੇ ਹਾਲ ਪਏ
ਤੇਰੇ ਪਾਲ਼ੇ ਅੰਦਰ ਜ਼ਿੰਦਗੀ
ਮੇਰੇ ਉਲਝੇ ਕਈ ਸਵਾਲ ਪਏ

◆

## ਕੁਝ ਫੁੱਲ

ਕੁਝ ਫੁੱਲ ਸ਼ਾਮ ਪਈ ਖਿੜਦੇ ਨੇ
ਕੁਝ ਫੁੱਲ ਖਿੜਨ ਸਵੇਰੇ
ਬਿਨ ਖਿੜਿਆਂ ਜੋ ਮਰ ਜਾਂਦੇ ਨੇ
ਸੁਲਗਣ ਵਿਚ ਹਨੇਰੇ

ਕੁਝ ਫੁੱਲ ਸਿਖ਼ਰ ਦੁਪਹਿਰੇ ਖਿੜਦੇ
ਭਰ ਭਰ ਚਾਨਣ ਪੀਂਦੇ
ਸ਼ਾਮਾਂ ਤੇ ਨਾ ਰਾਤਾਂ ਦਾ ਡਰ
ਬੁੱਕਾਂ ਭਰ ਭਰ ਜੀਂਦੇ
ਬੰਨ੍ਹ ਕੇ ਰੱਖਦੇ ਨੁੱਕਰੇ ਦਿਲ ਦੀ
ਹਿੱਸੇ ਆਏ ਹਨੇਰੇ
ਕੁਝ ਫੁੱਲ...

ਕੁਝ ਫੁੱਲਾਂ ਦਾ ਖਿੜਨਾ ਹੋਵੇ
ਧਰਤੀ ਦੇ ਸਮਤਾਲ
ਉਹ ਤੇ ਧਰਤੀ ਕਰਦੇ ਗੱਲਾਂ
ਤੁਰਦੇ ਨਾਲੋ ਨਾਲ
ਪੁੱਛਦੇ ਜਾਂਦੇ ਧਰਤੀ ਨੂੰ
ਦੱਸ ਕਿੰਨੀ ਦੂਰ ਸਵੇਰੇ
ਕੁਝ ਫੁੱਲ...

ਖਿੜਦੇ ਕੁਝ ਫੁੱਲ ਥੋਹਰਾਂ ’ਤੇ ਵੀ
ਜਿਥੇ ਕੋਈ ਨਾ ਵੇਖੇ
ਚੁੱਪਚਾਪ ਮਰ ਜਾਂਦੇ ’ਕੱਲੇ
ਅਣਛੂਹੇ ਅਣਦੇਖੇ
ਅਣਗਾਏ ਹੀ ਗੀਤ ਉਨ੍ਹਾਂ ਦੇ
ਖਿੱਲਰ ਜਾਣ ਚੁਫ਼ੇਰੇ
ਕੁਝ ਫੁੱਲ...

ਖਿੜਦਾ ਮਨ ਦੇ ਮੀਤ ਲਈ ਜੋ
ਉਮਰਾਂ ਔਂਸੀਆਂ ਪਾਵੇ
ਯੱਖ ਪਲਾਂ ਦੇ ਕੋਸੇ ਹੰਝੂ
ਸਾਹਾਂ ਵਿਚ ਰਲਾਵੇ
ਫਿਰ ਸਾਹਾਂ ਨੂੰ ਪੁੱਛਦੇ ਰਹਿਣਾ
ਮੀਤ ਮਿਲੇ ਕਿਸ ਫੇਰੇ
ਕੁਝ ਫੁੱਲ...

ਖਿੜਦੇ ਕੁਝ ਫੁੱਲ ਮਰਜ਼ੀ ਆਪਣੀ
ਆਪੇ ਆਪਣੀ ਤਾਲ
ਨਾਂ ਉਨ੍ਹਾਂ ਦੇ ਦੁਨੀਆ ਸਾਰੀ
ਸਾਰਾ ਅੰਬਰ ਵਿਸ਼ਾਲ
ਨਾਲ ਉਨ੍ਹਾਂ ਦੇ ਧਰਤ ਸੁਹਾਵੀ
ਹੋਈ ਚਾਰ ਚੁਫ਼ੇਰੇ

ਕੁਝ ਫੁੱਲ ਸ਼ਾਮ ਪਈ ਖਿੜਦੇ ਨੇ
ਕੁਝ ਫੁੱਲ ਖਿੜਨ ਸਵੇਰੇ
ਬਿਨ ਖਿੜਿਆਂ ਜੋ ਮਰ ਜਾਂਦੇ ਨੇ
ਸੁਲਗਣ ਵਿਚ ਹਨੇਰੇ

◆

# ਡਾਚੀਆਂ ਦੀ ਡਾਰ

ਮਾਏ ਨੀ ਮਾਏ
ਡਾਚੀਆਂ ਦੀ ਲੰਘ ਗਈ ਡਾਰ
ਸੁਪਨੇ ਦੀ ਹਰ ਡਾਚੀ ਤੁਰਦੀ
ਚੁੱਕੀ ਰੰਗ ਹਜ਼ਾਰ

ਹਰ ਡਾਚੀ ਦੀ ਰੰਗਲੀ ਪੈੜ 'ਚ
ਘੁੰਗਰੂ ਦੀ ਛਣਕਾਰ
ਹਰ ਖਣਕ ਦੀ ਸੁਰ ਲਹਿਰੀ ਵਿਚ
ਚਾਹਤ ਦੇ ਆਸਾਰ
ਹਰ ਆਸਾਰ ਦੇ ਚਿਲਮਨ ਓਹਲੇ
ਮਹਿਕਾਂ ਦੇ ਅੰਬਾਰ
ਮਾਏ ਨੀ...

ਇਹ ਕਸਤੂਰੀ ਮਹਿਕ ਨੀ ਮਾਏ
ਜ਼ਿੰਦਗੀ ਨੂੰ ਦਰਕਾਰ
ਸਦਾ ਉਡੀਕਣ ਦਰ ਪਲਕਾਂ ਦੇ
ਉਸਦੀ ਸਹਿਜ ਨੁਹਾਰ
ਲੰਘ ਜਾਵੇ ਹਰ ਡਾਚੀ ਤੁਰਦੀ
ਪਹੁੰਚ ਦੀ ਹੱਦੋਂ ਪਾਰ
ਮਾਏ ਨੀ...

ਧੂੜ ਦੇ ਬੱਦਲੋਂ ਪਾਰ ਡਾਚੀਆਂ
ਟੱਲੀਆਂ ਸੁਣਨ ਉਰਾਰ
ਮੈਂ ਭਟਕਾਂ ਇਸ ਪਾਰ ਨੀ ਮਾਏ
ਕਿਸੇ ਪਪੀਹੇ ਹਾਰ
ਟੱਲੀਆਂ ਦੀ ਵੀ ਗੂੰਜ ਗੁਆਚੀ
ਐਨ ਥਲਾਂ ਵਿਚਕਾਰ
ਮਾਏ ਨੀ...

◆

## ਲੀਰਾਂ ਲੀਰਾਂ ਰਾਤ

ਲੀਰਾਂ ਲੀਰਾਂ ਰਾਤ ਹੋਈ
ਵਿਚ ਟਾਵਾਂ ਟਾਵਾਂ ਤਾਰਾ ਏ
ਅੱਖ ਨਾ ਝਮਕੀਂ ਰਾਤੇ
ਜਾਪੇ ਟਿਕਿਆ ਆਲਮ ਸਾਰਾ ਏ

ਦਿਲ ਦੇ ਵਿਹੜੇ ਚੁੱਪ ਚੁਪੀਤੀ
ਪੋਲੇ ਪੈਰੀਂ ਆਵੀਂ ਦਰਦੇ
ਅੱਜ਼ ਵੀ ਯਾਦ ਕਿਸ ਦਾ ਏਥੇ
ਹੋਇਆ ਫੇਰ ਉਤਾਰਾ ਏ
ਲੀਰਾਂ ਲੀਰਾਂ...

ਯਾਦ ਇਹ ਸਾਰੇ ਕੋਨੇ ਦਿਲ ਦੇ
ਵਾਰੀ ਵਾਰੀ ਫੋਲ ਰਹੀ ਏ
ਹਰ ਹੌਕੇ ਦੀ ਨਸ ਨੂੰ ਛੂਹ ਕੇ
ਪਾਇਆ ਬੜਾ ਖਿਲਾਰਾ ਏ
ਲੀਰਾਂ ਲੀਰਾਂ...

ਸਭ ਅਹਿਸਾਸ ਕਸੀਸਾਂ ਹੋਏ
ਚੀਸਾਂ ਅੰਬਰ ਲਾਸਾਂ ਬਣੀਆਂ
ਛੂਹ ਦਿੱਤਾ ਜੋ ਜੰਗ ਦਾ ਭਰਿਆ
ਮਨ ਦਾ ਚੁੱਪ ਇਕ ਤਾਰਾ
ਲੀਰਾਂ ਲੀਰਾਂ...

ਅੰਬਰ ਉੱਤੇ ਤਾਰਾ ਕੋਈ
ਰੇਤਾ ਵਾਂਗਰ ਭੁਰਦਾ ਜਾਵੇ
ਚਾਨਣ ਤਿੜਕੇ ਹੰਝੂ ਬਣ ਕੇ
ਇਹ ਕੈਸਾ ਵਰਤਾਰਾ ਏ
ਲੀਰਾਂ ਲੀਰਾਂ...

ਚੁੱਪ ਚੰਦਰਮਾ ਠਰੀ ਰਾਤ ਨੂੰ
ਖੁਰਦਾ ਜੁੜਦਾ ਫਿਰ ਤੋਂ ਭੁਰਦਾ
ਦਰਦ ਲੁਕਾਵੇ ਅੱਖ ਝਮਕਦਾ
ਅੰਬਰ ਦਾ ਹਰ ਤਾਰਾ ਏ

ਲੀਰਾਂ ਲੀਰਾਂ ਰਾਤ ਹੋਈ
ਵਿਚ ਟਾਵਾਂ ਟਾਵਾਂ ਤਾਰਾ ਏ
ਅੱਖ ਨਾ ਝਮਕੀਂ ਰਾਤੇ
ਜਾਪੇ ਟਿਕਿਆ ਆਲਮ ਸਾਰਾ ਏ

◆

## ਐ ਮਨ ਜੋਗੀ

ਐ ਮਨ ਜੋਗੀ ਹੋ ਨਾ ਬੇਦਿਲ
ਪੱਤੇ ਕਿਰਦੇ ਵੇਖ
ਨਿਖੜਨ ਦੇ ਪਲ ਵੀ ਲਿਖ ਜਾਵਣ
ਜ਼ਿੰਦਗੀ ਦੇ ਸਿਰਲੇਖ

ਵਿਛੜ ਜਾਵਣ ਬੱਦਲੋਂ ਕਣੀਆਂ
ਤੇ ਪਰਬਤ ਤੋਂ ਨਦੀਆਂ
ਨਿਖੜੇ ਚੰਨ ਤੋਂ ਚਾਨਣੀ
ਤਾਰਿਆਂ ਤੋਂ ਲੋਆਂ
ਮਿਲਣ ਪਲਾਂ ਦਾ ਖੇਲ੍ਹ ਹੈ
ਬਿਰਹਾ ਜੁੱਗ ਦੇ ਲੇਖ
ਐ ਮਨ ਜੋਗੀ...

ਸੋਚਾਂ ਤੋਂ ਅਸਲੀਅਤ ਵੱਖਰੀ
ਅਸਲੀਅਤ ਤੋਂ ਸੁਪਨਾ
ਸੁਪਨੇ ਵਿਚੋਂ ਜ਼ਿੰਦਗੀ ਕਿਰਦੀ
ਤੇ ਜ਼ਿੰਦਗੀ ਦਾ ਚਾਅ
ਸ਼ਾਮ ਪਈ ਪਰਛਾਂਵਾਂ ਵੀ
ਘੁਲ ਜਾਵੇ ਕਾਲਖ ਹੇਠ
ਐ ਮਨ ਜੋਗੀ...

ਉਮਰਾਂ ਵਿਚੋਂ ਵਾਅਦੇ ਕਿਰਦੇ
ਵਾਅਦਿਆਂ ਵਿਚੋਂ ਦਮ
ਰਿਸ਼ਤਿਆਂ ਵਿਚੋਂ ਤਿਲਕੀ ਜਾਏ
ਮੋਹ ਮਿੱਠੀ ਸਰਗਮ
ਟੁੱਟਣ ਪਰਬਤ ਜਿੱਡੇ ਦਾਈਏ

ਜ਼ਿੰਦਗੀ ਬਣਦੀ ਰੇਤ
ਐ ਮਨ ਜੋਗੀ...

ਐ ਮਨ ਜੋਗੀ ਹੋ ਨਾ ਬੇਦਿਲ
ਪੱਤੇ ਕਿਰਦੇ ਵੇਖ
ਨਿਖੜਨ ਦੇ ਪਲ ਵੀ ਲਿਖ ਜਾਵਣ
ਜ਼ਿੰਦਗੀ ਦੇ ਸਿਰਲੇਖ

◆

## ਕਿਸੇ ਵੀ ਤਰ੍ਹਾਂ

ਉਹਦਾ ਨਿਸ਼ਚਿਤ ਸੀ ਜਾਣਾ ਕਿਸੇ ਵੀ ਤਰ੍ਹਾਂ
ਬਿਨਾ ਵਜ੍ਹਾ ਮੁਸਕਰਾਣਾ ਕਿਸੇ ਵੀ ਤਰ੍ਹਾਂ

ਪੱਕੀ ਆਦਤ ਸੀ ਮਹਿਫ਼ਲ 'ਚ ਫੁੱਲ ਵੰਡਣੇ
ਕੰਡੇ ਲੁਕ ਕੇ ਚੁਭਾਣਾ ਕਿਸੇ ਵੀ ਤਰ੍ਹਾਂ

ਵਾਂਗ ਤਿਤਲੀ ਬਹਾਰਾਂ 'ਚ ਕਰਨਾ ਨ੍ਰਿਤ
ਪਹਿਲੀ ਪੱਤਝੜ 'ਚ ਜਾਣਾ ਕਿਸੇ ਵੀ ਤਰ੍ਹਾਂ

ਪਹਿਲਾਂ ਹੁੰਮਸ ਭਰੀ ਸਿਰਜ ਲੈਣੀ ਹਵਾ
ਫਿਰ ਹਨੇਰੀ ਲਿਆਣਾ ਕਿਸੇ ਵੀ ਤਰ੍ਹਾਂ

ਭਰਦੇ ਭਰਦੇ ਕਿਸੇ ਸਾਂਝ ਦਾ ਦਮ ਸਦਾ
ਮਿੰਨ੍ਹਾ ਜਿਹਾ ਮੁਸਕਰਾਣਾ ਕਿਸੇ ਵੀ ਤਰ੍ਹਾਂ

ਉਹਦਾ ਨਿਸ਼ਚਿਤ ਸੀ ਜਾਣਾ ਕਿਸੇ ਵੀ ਤਰ੍ਹਾਂ
ਬਿਨਾ ਵਜ੍ਹਾ ਮੁਸਕਰਾਣਾ ਕਿਸੇ ਵੀ ਤਰ੍ਹਾਂ

◆

## ਇਕ ਇਕਹਿਰੀ ਸ਼ਾਮ

ਇਕ ਇਕਹਿਰੀ ਸ਼ਾਮ ਢਲੀ ਸੀ
ਦੂਜਾ, ਤੇਰੇ ਤਲਖ਼ ਸੁਆਲ
ਜਿਉਂ ਆਵੇ ਕੋਈ ਆਪਣਾ
ਜਿੰਦੇ ਪੁੱਛ ਅਸਾਡਾ ਹਾਲ

ਪੁੱਛ, ਬੁਝੀਆਂ ਬੁਝੀਆਂ ਸ਼ਾਮਾਂ ਦੇ
ਰਾਹਾਂ ਨੂੰ ਕੀਕਣ ਜਰਿਆ ਸੀ
ਅੱਖੀਆਂ ਨੇ ਹੰਝੂ ਸਾਗਰ ਦਾ
ਕਤਰਾ ਕਤਰਾ ਕਰ ਤਰਿਆ ਸੀ
ਕਿੰਜ ਬਾਲਿਆ ਤਿਲ ਤਿਲ ਸਾਹਾਂ ਨੂੰ
ਪਿਘਲਾਏ ਸੁੰਨ ਦੇ ਤਾਲ
ਇਕ ਇਕਹਿਰੀ...

ਕਦੇ ਪੱਥਰ ਹਰ ਚਾਹਤ ਹੋਈ
ਤੇ ਖੰਭੜੀ ਖੰਭੜੀ ਫੁੱਲ ਹੋਏ
ਆਪਣੇਪਣ ਦੇ ਟੋਟੇ ਸਾਰੇ
ਕਿਸੇ ਜਾਂਦੀ ਪੈੜ ’ਤੇ ਰੁਲ ਹੋਏ
ਅਸਾਂ ਸਭ ਅਵਸ਼ੇਸ਼ ਸਹੇਜੇ
ਤੇ ਖੰਡਰ ਨੂੰ ਦਿੱਤੇ ਸੰਭਾਲ
ਇਕ ਇਕਹਿਰੀ...

ਗਹਿਰਾਏ ਹੋਏ ਧੂੰਏਂ ’ਚੋਂ
ਕਿਣਕੇ ਸਾਹਾਂ ਦੇ ਚੁਣਦੇ ਰਹੇ
ਲੈ ਕੇ ਧਾਗੇ ਧੂੰਏਂ ਰੰਗੇ
ਸੁਪਨੇ ਸਾਰੇ ਬੁਣਦੇ ਰਹੇ
ਤੇ ਦਿੱਤਾ ਗਹਿਰ ਦੇ ਓਹਲੇ ਆਪੇ
ਹੱਥੀਂ ਸਭ ਕੁਝ ਬਾਲ
ਇਕ ਇਕਹਿਰੀ...

ਜੀਣ ਦੇ ਚਿਤਵੇ ਰੰਗਾਂ ’ਚੋਂ
ਤਸਵੀਰਾਂ ਕਈ ਸਜਾ ਲਈਆਂ
ਭੱਠੀ ਧੁਖਦੇ ਮਨ ਦੀ ਆਪੇ
ਫਿਰ ਲਾਟਾਂ ਵਾਂਗ ਜਗਾ ਲਈਆਂ
ਤੱਕ ਨੀ ਜਿੰਦੜੀਏ ਤੇਰੇ ਲਈ
ਅਸਾਂ ਦਿੱਤਾ ਕੀ ਕੁਝ ਬਾਲ
ਇਕ ਇਕਹਿਰੀ...

ਅਸੀਂ ਥੱਕੇ ਤੁਰ ਕੇ ਦਿਨ ਸਾਰਾ
ਤੇ ਤਿੜਕੇ ਤਿੜਕੇ ਖ਼ਾਬ
ਲਿਖ ਕੇ ਤੂੰ ਸਾਰਾ ਕੁਝ ਆਪੇ
ਤੇ ਖ਼ੁਦ ਹੀ ਕਰੇਂ ਹਿਸਾਬ
ਅਸੀਂ ਲੇਖੇ ਜੋਖੇ ਕੀ ਕਰੀਏ
ਹੁਣ ਖ਼ਾਲੀ ਹੱਥਾਂ ਨਾਲ

ਇਕ ਇਕਹਿਰੀ ਸ਼ਾਮ ਢਲੀ ਸੀ
ਦੂਜਾ, ਤੇਰੇ ਤਲਖ਼ ਸੁਆਲ
ਜਿਉਂ ਆਵੇ ਕੋਈ ਆਪਣਾ
ਜਿੰਦੇ ਪੁੱਛ ਅਸਾਡਾ ਹਾਲ

◆

## ਹੌਕਿਆਂ ਵਰਗੀ ਹਵਾ

ਹੌਕਿਆਂ ਵਰਗੀ ਹਵਾ
ਜਿਉਂ ਰੋ ਕੇ ਆਈ ਏ
ਜਾਂ ਕਿਸੇ ਰੋਏ ਦੇ ਸਾਹ 'ਚੋਂ
ਹੋ ਕੇ ਆਈ ਏ

ਥਲਾਂ ਦੀ ਰੇਤ ਫੋਲ ਕੇ
ਦਿਲਾਸਾ ਦੇਣ ਇਹ
ਤਹਿਆਂ ਅੰਦਰ ਦਰਦ
ਜਿਉਂ ਲੁਕੋ ਕੇ ਆਈ ਏ

ਸੁੰਨ ਅਹਿਸਾਸਾਂ ਨੂੰ
ਕਰ ਗਈ ਇਹ ਇਸ ਤਰ੍ਹਾਂ
ਠੰਡੇ ਸਿਵੇ ਦੇ ਕੋਲ
ਜਿਉਂ ਖਲੋ ਕੇ ਆਈ ਏ

ਚੱਕਰ ਦੁਆਲੇ ਲਾ ਕੇ
ਆਪਣੇ ਖਿੱਲਰੇ ਇਵੇਂ
ਗੁੰਝਲਾਂ ਸਾਹਾਂ 'ਚ ਜਿਉਂ
ਪਰੋ ਕੇ ਆਈ ਏ

ਸੁਪਨਿਆਂ ਦੇ ਸ਼ਹਿਰ ਵਿਚੋਂ
ਗੁੰਮ ਜਿਹੀ ਆਈ
ਸਿੱਲ੍ਹੇ ਅੱਥਰੂਆਂ 'ਚ
ਮਨ ਸਮੋ ਕੇ ਆਈ ਏ

ਹੌਕਿਆਂ ਵਰਗੀ ਹਵਾ
ਜਿਉਂ ਰੋ ਕੇ ਆਈ ਏ
ਜਾਂ ਕਿਸੇ ਰੋਏ ਦੇ ਸਾਹ 'ਚੋਂ
ਹੋ ਕੇ ਆਈ ਏ

◆

## ਦੱਸ ਜਿੰਦੜੀਏ!

ਦੱਸ ਜਿੰਦੜੀਏ ! ਇਸ ਦੁਨੀਆ
ਇਸ ਰੂਪ 'ਚ ਆਉਣਾਂ ਕਿੰਜ ਰਿਹਾ
ਆਪਣੇ ਗ਼ਮ ਵਿਚ ਭਿੱਜੇ ਖ਼ੁਦ ਨੂੰ
ਗਲੇ ਲਗਾਉਣਾ ਕਿੰਜ ਰਿਹਾ

ਜੁਗਾਂ ਲੰਬੇ ਰਾਹਾਂ ਅੰਦਰ
ਘੁੰਮਣਾ ਸਿਖ਼ਰ ਦੁਪਹਿਰਾਂ ਦਾ
ਚੁੱਪ ਚੁਪੀਤੇ, ਇਕ ਦਿਨ ਸ਼ਾਮੀਂ
ਵਾਪਸ ਆਉਣਾ ਕਿੰਜ ਰਿਹਾ
ਦੱਸ ਜਿੰਦੜੀਏ...

ਸੁੰਨੇ ਸਫ਼ਰ 'ਚ ਮਿਲਦੇ ਸਾਏ
ਘੁੱਪ ਹਨੇਰੇ ਕਰਦੇ ਗਏ
ਆਪਣੀ ਖ਼ਾਤਰ ਬਲ਼ ਕੇ ਆਪੇ
ਰਾਹ ਰੁਸ਼ਨਾਉਣਾ ਕਿੰਜ ਰਿਹਾ
ਦੱਸ ਜਿੰਦੜੀਏ...

ਉੱਡਣ ਦਾ ਅੰਦਾਜ਼ ਤੇਰਾ ਵੀ
ਸਾਰਿਆਂ ਨਾਲੋਂ ਵੱਖਰਾ ਸੀ
ਹੱਥੀਂ ਸਾੜੇ ਪਰ ਆਪਣੇ
ਤੇ ਖਾਕ ਉਡਾਉਣਾ ਕਿੰਜ ਰਿਹਾ
ਦੱਸ ਜਿੰਦੜੀਏ...

ਤਪਦੇ ਰੇਤੇ ਸੜਦੇ ਪੈਰੀਂ
ਖ਼ੁਦ ਨੂੰ ਹੀ ਰੁੱਖ ਚਿਤਵ ਲਿਆ
ਓਸੇ ਦੀ ਟਾਹਣੀ 'ਤੇ ਬਹਿ ਕੇ
ਪੈਰ ਬਚਾਉਣਾ ਕਿੰਜ ਰਿਹਾ
ਦੱਸ ਜਿੰਦੜੀਏ...

ਲੰਘਦੇ ਜ਼ਿੰਦਗੀ ਦੇ ਜੰਗਲ ’ਚੋਂ
ਸੁੱਕਦੇ ਕਿਰਦੇ ਪੱਤਿਆਂ ਸੰਗ
ਖ਼ੁਦ ਨਾਲ ਆਪਣੇ, ਮਰੇ ਖ਼ਾਬ ਦੀ
ਬਾਤ ਰਚਾਉਣਾ ਕਿੰਜ ਰਿਹਾ
ਦੱਸ ਜਿੰਦੜੀਏ...

ਆਪਣੀ ਮਿੱਟੀ ਹੋਈ ਬਾਗੀ
ਜੋੜੋ ਜੋੜ ਤਿੜਕਦੀ ਗਈ
ਜੀਣਾ ਫਿਰ ਵੀ ਸਾਬਤ ਜਾਪੇ
ਚੀਸ ਦਬਾਉਣਾ ਕਿੰਜ ਰਿਹਾ
ਦੱਸ ਜਿੰਦੜੀਏ...

ਕੰਧਾਂ ਅੰਦਰ ਪਸਰੀ ਸੁੰਨ
ਤਾਂ ਆਪਣੇ ਹੀ ਪਰਛਾਵੇਂ ਨੂੰ
ਆਪਣੀ ਪੀੜ ਦਾ ਵੈਦ ਬਣਾ ਕੇ
ਨਬਜ਼ ਫੜਾਉਣਾ ਕਿੰਜ ਰਿਹਾ
ਦੱਸ ਜਿੰਦੜੀਏ...

ਅੰਕੜਿਆਂ ਦੇ ਖੇਲ ’ਚ ਫਸਿਆ
ਜ਼ਿੰਦਗੀ ਦਾ ਸਿਰਲੇਖ ਜਿਹਾ
ਮੁੜ ਮੁੜ ਮੱਥੇ ਲਾਉਂਦੇ ਹੋਏ
ਜੀਣ ਬਣਾਉਣਾ ਕਿੰਜ ਰਿਹਾ
ਦੱਸ ਜਿੰਦੜੀਏ...

ਪਲ ਛਿਣ ਜੀ ਕੇ ਰਿਸ਼ਤੇ ਸਾਰੇ
ਰੇਤੇ ਵਾਂਗ ਭੁਰਦੇ ਗਏ
ਬੈਠਣ ਖ਼ਾਤਰ ਸਾਹਵੇਂ ਫਿਰ ਤੋਂ

ਭਰਮ 'ਚ ਆਉਣਾ ਕਿੰਜ ਰਿਹਾ
ਦੱਸ ਜਿੰਦੜੀਏ...

ਔੜ ਸੀ ਆਪਣੇ ਜੋਬਨ 'ਤੇ ਜਦ
ਪਿਆਸ ਵੀ ਪਹੁੰਚੀ ਟੀਸੀ 'ਤੇ
ਤੇਹ ਨੂੰ ਪੀਣ ਦੀ ਖ਼ਾਤਰ ਖ਼ੁਦ ਨੂੰ
ਗੱਲੀਂ ਲਾਉਣਾ ਕਿੰਜ ਰਿਹਾ
ਦੱਸ ਜਿੰਦੜੀਏ...

ਰੰਗ ਸਾਰੇ ਹੀ ਵੈਰੀ ਹੋ ਕੇ
ਅੰਬਰ ਸਾਡੇ ਖੁਰਚ ਗਏ
ਖੋਲ੍ਹ ਕੇ ਤਹਿਆਂ ਆਪਣੀਆਂ ਨੂੰ
ਰੰਗ ਉਡਾਉਣਾ ਕਿੰਜ ਰਿਹਾ

ਦੱਸ ਜਿੰਦੜੀਏ ! ਇਸ ਦੁਨੀਆ
ਇਸ ਰੂਪ 'ਚ ਆਉਣਾਂ ਕਿੰਜ ਰਿਹਾ
ਆਪਣੇ ਗ਼ਮ ਵਿਚ ਭਿੱਜੇ ਖ਼ੁਦ ਨੂੰ
ਗਲੇ ਲਗਾਉਣਾ ਕਿੰਜ ਰਿਹਾ

◆

## ਉਸ ਦੇ ਖ਼ਿਆਲ

ਉਸ ਦੇ ਖ਼ਿਆਲ, ਤੂੰ ਆ ਇਵੇਂ
ਸੋਚਾਂ ਤੇ ਸ਼ਰਾਬੀ ਹੋ ਜਾਵਾਂ
ਆਪਣੇ ਮਟਿਆਲੇ ਰੰਗਾਂ 'ਚੋਂ
ਕੋਈ ਪਰ ਸੁਰਖ਼ਾਬੀ ਹੋ ਜਾਵਾਂ

ਕੋਈ ਭੂਰ ਜਿਹੀ ਆਵੇ
ਪੌਣਾਂ ਮਹਿਕਾ ਜਾਵੇ
ਕੋਈ ਸਰਗਮ ਛਿੜ ਜਾਵੇ
ਕੋਈ ਚੰਬਾ ਖਿੜ ਜਾਵੇ
ਮਿੱਟੀ ਆਪਣੀ 'ਚੋਂ ਹੀ
ਕੋਈ ਫੁੱਲ ਉਨਾਬੀ ਹੋ ਜਾਵਾਂ

ਬੇਚੈਨ ਕਹਾਣੀ ਨੂੰ
ਵਾਟਾਂ ਦੀ ਰਾਣੀ ਨੂੰ
ਸਾਹ ਟੁੱਟੀਆਂ ਆਸਾਂ ਨੂੰ
ਆਪਣੇ ਪਰਵਾਸਾਂ ਨੂੰ
ਸਾਂਭ ਪਰਾਂ ਵਿਚ ਮੈਂ
ਕੋਈ ਮੁਰਗਾਬੀ ਹੋ ਜਾਵਾਂ

ਆਪਣੇ ਗੁੰਮ ਸਾਹਾਂ 'ਚੋਂ
ਅਵਾਜ਼ਾਰ ਹਵਾਵਾਂ 'ਚੋਂ
ਕਿਸੇ ਪਲਾਂ ਦੇ ਟੋਲੇ 'ਚੋਂ
ਉਹਦੇ ਰੋਲ਼ ਘਚੋਲ਼ੇ 'ਚੋਂ
ਖਿੱਲਰੇ ਅੱਖਰ ਜੁੜ ਕੇ
ਮੈਂ ਗੀਤ ਗੁਲਾਬੀ ਹੋ ਜਾਵਾਂ

ਅਹਿਸਾਸ ਦੀ ਲਹਿਰ ਤੁਰੇ
ਕੋਈ ਐਸੀ ਬਹਿਰ ਫੁਰੇ

ਹਰ ਕਣ ਵਿਚ ਰਚ ਜਾਵੇ
ਹਰ ਪੀੜ ਪਰਚ ਜਾਵੇ
ਜ਼ਿੰਦਗੀ ਦੇ ਰਾਹਾਂ ਦੀ
ਮੈਂ ਤਰਜ਼ ਰਬਾਬੀ ਹੋ ਜਾਵਾਂ

ਖ਼ਾਲੀ ਖ਼ਾਲੀ ਹੁੰਦਿਆਂ
ਜਿਉਂ ਭਰੇ ਭਰੇ ਹੋਣਾ
ਮਹਿਕਾਂ ਵਿਚ ਡੁੱਬੇ ਵੀ
ਜਿਉਂ ਤਰੇ ਤਰੇ ਹੋਣਾ
ਸਾਹਾਂ ਦੇ ਤਰਵਰ ’ਚੋਂ
ਮਦਹੋਸ਼ ਸ਼ਰਾਬੀ ਹੋ ਜਾਵਾਂ

ਉਸਦੇ ਖ਼ਿਆਲ ਤੂੰ ਆ ਇਵੇਂ
ਸੋਚਾਂ ਤੇ ਸ਼ਰਾਬੀ ਹੋ ਜਾਵਾਂ
ਆਪਣੇ ਮਟਿਆਲੇ ਰੰਗਾਂ ’ਤੇ
ਕੋਈ ਪਰ ਸੁਰਖ਼ਾਬੀ ਹੋ ਜਾਵਾਂ

◆

## ਸ਼ੀਸ਼ਿਆਂ ਵਿਚ ਢਲ ਗਏ

ਸ਼ੀਸ਼ਿਆਂ ਵਿਚ ਢਲ ਗਏ
ਕੈਸਾ ਗ਼ਜ਼ਬ ਢਾ ਲਿਆ
ਚਿਹਰਿਆਂ ਨਾਲ ਨਿਭਦਿਆਂ
ਆਪਣਾ ਹੀ ਅਕਸ ਗੁਆ ਲਿਆ

ਯਖ਼ ਮੌਸਮਾਂ ਵਿਚ ਚਿਹਰਿਆਂ
ਮਹਿਕਾਂ ਦਾ ਮੇਲਾ ਲਾ ਲਿਆ
ਰੰਗਲੇ ਲਿਬਾਸ ਪਾ ਲਏ
ਧੁੱਪਾਂ ਦਾ ਰੂਪ ਵਟਾ ਲਿਆ

ਧੁੱਪਾਂ ਤਾਂ ਅੰਤ ਢਲਦੀਆਂ
ਸ਼ਾਮਾਂ ਫ਼ਿਜ਼ਾ ਬਦਲਦੀਆਂ
ਰੰਗਾਂ ਨੂੰ ਫਿਰ ਹਨੇਰਿਆਂ
ਰਾਤਾਂ ਦੀ ਥੈਲੀ ਪਾ ਲਿਆ

ਕੁਝ ਚਿਹਰੇ ਐਸੇ ਆ ਗਏ
ਸਾਰੀ ਹਵਾ ਖਿੰਡਾ ਗਏ
ਅਸਾਂ ਉਸ ਹਵਾ ਦੀ ਪੈੜ 'ਤੇ
ਸਾਹਾਂ ਨੂੰ ਦਾਅ 'ਤੇ ਲਾ ਲਿਆ

ਚਿਹਰੇ ਪਲਾਂ ਨੂੰ ਮੱਲਦੇ ਗਏ
ਪਲ ਚਿਹਰਿਆਂ ਵਿਚ ਢਲਦੇ ਗਏ
ਰੁੱਤਾਂ ਦੇ ਜ਼ਲਜ਼ਲੇ ਤੁਰੇ
ਜ਼ਿੰਦਗੀ ਨੂੰ ਹੀ ਵਹਾ ਲਿਆ

ਕੁਝ ਚਿਹਰੇ ਇੰਜ ਸ਼ੁਆ ਬਣੇ
ਧੂੰਏਂ ਦਾ ਸਿਲਸਿਲਾ ਬਣੇ
ਇਕ ਗਹਿਰਾ ਭਰਮ ਜਾਲ ਪਾ
ਸ਼ੀਸ਼ੇ ਨੂੰ ਹੀ ਪਿਘਲਾ ਲਿਆ

ਚਿਹਰੇ ਤਾਂ ਛੂਹ ਕੇ ਤੁਰ ਗਏ
ਅੰਦਰ ਤੋਂ ਸ਼ੀਸ਼ੇ ਭੁਰ ਗਏ
ਬਾਹਰੋਂ ਸਬੂਤ ਜਾਪਦੇ
ਖ਼ੁਦ ਨੂੰ ਇਵੇਂ ਭਰਮਾ ਲਿਆ

ਸ਼ੀਸ਼ੇ ਸੁਆਲ ਕਰਦੇ ਨੇ
ਖ਼ੁਦ ਨੂੰ ਬੇਹਾਲ ਕਰਦੇ ਨੇ
ਕਿਉਂ ਜ਼ਿੰਦਗੀ ਦੇ ਸਾਥ ਵਿਚ
ਜਿੰਦ ਨੂੰ ਅਸਾਂ ਵਿਹਾ ਲਿਆ

ਸ਼ੀਸ਼ਿਆਂ ਵਿਚ ਢਲ ਗਏ
ਕੈਸਾ ਗ਼ਜ਼ਬ ਢਾ ਲਿਆ
ਚਿਹਰਿਆਂ ਨਾਲ ਨਿਭਦਿਆਂ
ਆਪਣਾ ਹੀ ਅਕਸ ਗੁਆ ਲਿਆ

◆

## ਗੀਤ ਨੂੰ ਸਰਾਪ ਹੈ

ਮੇਰੇ ਗੀਤ ਨੂੰ ਸਰਾਪ ਹੈ
ਉਦਾਸ ਪਲ ਪਰੋਣ ਦਾ
ਇਨ੍ਹਾਂ ਹੀ ਪਾਣੀਆਂ 'ਚ ਫਿਰ
ਸ਼ਬਦਾਂ ਦੇ ਚਿਹਰੇ ਧੋਣ ਦਾ

ਇਹਨੇ ਨੇਰ੍ਹਿਆਂ 'ਚੋਂ ਲੰਘਣਾ
ਹਰ ਚਾਨਣੇ ਇਹਨੂੰ ਡੰਗਣਾ
ਡੰਗਾਂ ਦਾ ਦਰਦ ਕਸੀਸਣਾ
ਸਾਹਾਂ ਨੂੰ ਉਸ ਵਿਚ ਪੀਸਣਾ
ਖ਼ੁਦ ਨਾਲ ਵਾਅਦਾ ਪਾਲਣਾ
ਨਿੱਤ ਮਰ ਕੇ ਅੰਦਰ ਚਾਨਣਾ
ਰਾਤਾਂ ਨੂੰ ਉੱਠ ਖਲੋਣ ਦਾ

ਜਦ ਤਾਨ ਆਪਣੀ ਜੋੜਦਾ
ਸਾਹਾਂ ਦੇ ਤੰਦ ਮਰੋੜਦਾ
ਫਿਰ ਹੌਕਿਆਂ ਵਿਚ ਤੋੜਦਾ
ਕਦੇ ਕਤਰਾ ਕਤਰਾ ਜੋੜਦਾ
ਇੰਜ ਕਤਰਿਆਂ ਵਿਚ ਜੀਂਦਿਆਂ
ਸਿੱਖ ਰਿਹਾ ਹੈ ਵੱਲ ਨਵਾਂ
ਤੇੜਾਂ 'ਚੋਂ ਉੱਗ ਖਲੋਣ ਦਾ

ਕਦੇ ਜਦ ਇਹ ਪਰ ਖਿਲਾਰਦਾ
ਅੰਬਰ ਉਡਾਰੀ ਮਾਰਦਾ
ਅੰਬਰ ਤਾਂ ਸਾਰੇ ਜਿੱਤਦਾ
ਆਪਣੇ ਹੀ ਮਨ ਤੋਂ ਹਾਰਦਾ
ਇਸ ਹਾਰ ਅੰਦਰ ਉਲਝ ਕੇ

ਆਪਣੇ ਹੀ ਉਹਲੇ ਲੁਕਣ ਦਾ
ਤੇ ਅੰਦਰੇ ਅੰਦਰ ਰੋਣ ਦਾ

ਮੇਰੇ ਗੀਤ ਨੂੰ ਸਰਾਪ ਹੈ
ਉਦਾਸ ਪਲ ਪਰੋਣ ਦਾ
ਇਨ੍ਹਾਂ ਪਾਣੀਆਂ 'ਚ ਫਿਰ
ਸ਼ਬਦਾਂ ਦੇ ਚਿਹਰੇ ਧੋਣ ਦਾ

◆

## ਜ਼ਿੰਦਗੀ ਤੇਰੇ ਦਾਈਏ

ਜ਼ਿੰਦਗੀ ! ਤੇਰੇ ਦਾਈਏ
ਸਾਹਾਂ ਨਾਲ ਨਿਭਾਉਂਦੇ ਰਹਿੰਦੇ ਹਾਂ
ਤੇਰੇ ਹਰ ਦਾਇਰੇ ਦੀ ਹੱਦ ਨੂੰ
ਛੂਹ ਕੇ ਆਉਂਦੇ ਰਹਿੰਦੇ ਹਾਂ

ਮਨ ਦਾ ਧੁਖਦਾ ਜੰਗਲ ਜਦ ਵੀ
ਧੂੰਏਂ ਦੇ ਨਾਲ ਭਰ ਜਾਵੇ
ਚਾਰ ਚੁਫ਼ੇਰੇ ਹਰਿਆਲੀ ਦਾ
ਪਰਦਾ ਲਾਉਂਦੇ ਰਹਿੰਦੇ ਹਾਂ

ਆਏ ਫੱਗਣ ਜਦ ਵੀ ਪੌਣਾਂ
ਸੂਹੇ ਰਾਗ ਅਲਾਪਦੀਆਂ
ਅਸੀਂ ਵੀ ਗ਼ਮ ਦੀ ਪੀਲੀ ਸੁਰ ਨੂੰ
ਨਾਲ ਮਿਲਾਉਂਦੇ ਰਹਿੰਦੇ ਹਾਂ

ਆਰ ਪਾਰ ਦੇ ਵੇਲੇ
ਆਖ਼ਰ ਪਾਸੇ ਖੇਡਣ ਬਹਿੰਦੇ ਹਾਂ
ਜ਼ਿੰਦਗੀ ਸਾਹਵੇਂ ਬਹਿ ਕੇ ਖ਼ੁਦ ਨੂੰ
ਦਾਅ 'ਤੇ ਲਾਉਂਦੇ ਰਹਿੰਦੇ ਹਾਂ

ਖਰਚਦਿਆਂ ਉਮਰਾਂ ਦਾ ਪਰਬਤ
ਕੁਝ ਟਿੱਬੇ ਹੀ ਰਹਿ ਚੱਲੇ
ਉਥੇ ਖੜ੍ਹ ਕੇ ਉਮਰਾਂ ਦੇ
ਹਿੰਦਸੇ ਵਰਚਾਉਂਦੇ ਰਹਿੰਦੇ ਹਾਂ

'ਕੱਲ-ਮੁਕੱਲੇ ਤੁਰਦੇ ਜਦ ਵੀ
ਬਹੁਤਾ ਹੁੱਸੜ ਜਾਪ ਪਵੇ

ਆਪਣੇ ਅੰਦਰ ਯਾਦਾਂ ਦੇ ਜੰਗਲ
ਸਹਿਲਾਉਂਦੇ ਰਹਿੰਦੇ ਹਾਂ

ਤੇਰੀਆਂ ਸ਼ਰਤਾਂ ਤੇਰੀ ਮਰਜ਼ੀ
ਅਸੀਂ ਤਾਂ ਬਸ ਨਿਭਦੇ ਨਿਭਦੇ
ਸਾਹ ਦਾ ਇਕ ਇਕ ਕਤਰਾ
ਤੈਨੂੰ ਅਰਘ ਚੜ੍ਹਾਉਂਦੇ ਰਹਿੰਦੇ ਹਾਂ

ਰੁੱਤਾਂ ਦੇ ਤੰਤਰ ਤੇਰੇ
ਤੇ ਟਿਕ ਕੇ ਜੀਣ ਦੀ ਚਾਹ ਸਾਡੀ
ਦੋਹਾਂ ਪੱਲੜਿਆਂ ਵਿਚ ਤੁਲਦੇ
ਜਿੰਦ ਉਡਾਉਂਦੇ ਰਹਿੰਦੇ ਹਾਂ

ਜ਼ਿੰਦਗੀ ! ਤੇਰੇ ਦਾਈਏ
ਸਾਹਾਂ ਨਾਲ ਨਿਭਾਉਂਦੇ ਰਹਿੰਦੇ ਹਾਂ
ਤੇਰੇ ਹਰ ਦਾਇਰੇ ਦੀ ਹੱਦ ਨੂੰ
ਛੂਹ ਕੇ ਆਉਂਦੇ ਰਹਿੰਦੇ ਹਾਂ

◆

## ਸਾਹਾਂ 'ਚੋਂ ਆਈ ਹਵਾ

ਸਾਹਾਂ 'ਚੋਂ ਆਈ ਹਵਾ ਦਾ
ਹਾਲ ਤਾਂ ਪੁੱਛੋ
ਕਿੰਨੇ ਹੌਕੇ ਲੈ ਕੇ ਆਈ
ਨਾਲ ਤਾਂ ਪੁੱਛੋ

ਮਨ ਦੇ ਤਪਦੇ ਅੰਬਰਾਂ ਨੂੰ
ਮੀਂਹ ਦੀ ਬੀਤ ਪਾ
ਦੇਂਦੀ ਕਿਵੇਂ ਸੁਪਨਿਆਂ ਨੂੰ
ਤਾਲ ਤਾਂ ਪੁੱਛੋ

ਪੀ ਰਹੇ ਸੋਕੇ ਬਿਰਖ਼ ਜੋ
ਆਸ ਦੇ ਅੰਦਰ
ਕਿੰਜ ਸੰਭਾਲੇ ਲਾਰਿਆਂ ਦੇ
ਨਾਲ ਤਾਂ ਪੁੱਛੋ

ਉੱਡੇ ਅੰਦਰ ਪੱਤਝੜਾਂ ਦੀ
ਰਾਖ ਕਿਸ ਤਰ੍ਹਾਂ
ਆਉਂਦੀ ਤੇ ਜਾਂਦੀ ਹਵਾ ਦੇ
ਨਾਲ ਤਾਂ ਪੁੱਛੋ

ਜਿੰਦ ਦੀਆਂ ਕੰਦਰਾਂ 'ਚੋਂ
ਭਟਕਦੀ ਆਈ
ਕਿੰਨਾ ਹੁੰਮਸ ਧੂਹ ਲਿਆਈ
ਨਾਲ ਤਾਂ ਪੁੱਛੋ

ਮੁੱਕ ਜਾਣਾ ਏਂ ਕਦੇ ਤਾਂ
ਮੈਂ ਤੇ ਸਾਹਾਂ ਨੇ

ਕਿਉਂ ਹਵਾ ਹੋਈ ਹੁਣੇ
ਬੇਹਾਲ ਤਾਂ ਪੁੱਛੋ

ਸਾਹਾਂ 'ਚੋਂ ਆਈ ਹਵਾ ਦਾ
ਹਾਲ ਤਾਂ ਪੁੱਛੋ
ਕਿੰਨੇ ਹੌਕੇ ਲੈ ਕੇ ਆਈ
ਨਾਲ ਤਾਂ ਪੁੱਛੋ

◆

## ਚਾਨਣੀ ਦੇ ਦੇਸ ਵਿਚ

ਮੈਂ ਚਾਨਣੀ ਦੇ ਦੇਸ ਵਿਚ
ਸੋਚਾਂ ਦੇ ਹੀ ਵੇਸ ਵਿਚ
ਚਾਨਣ ਦਾ ਤੇਜ਼ ਹੰਗਾਲ ਰਹੀ
ਵਿਚ ਗੁੰਮੇਂ ਤਾਰੇ ਭਾਲ ਰਹੀ

ਮੈਂ ਅੰਬਰਾਂ ਦੇ ਦੇਸ ਵਿਚ
ਜਿੰਦ ਦੀ ਬੇਤਾਲ ਵਰੇਸ ਵਿਚ
ਸਮਿਆਂ ਦੇ ਲਾਰੇ ਭਾਲ ਰਹੀ
ਸਾਹਾਂ ਦੇ ਸਹਾਰੇ ਢਾਲ ਰਹੀ

ਪੌਣ ਏਸ ਪੁਰਵਾਈ ਵਿਚ
ਰੁੱਤ ਦੀ ਖਿੱਲਰੀ ਸਰਵਾਈ ਵਿਚ
ਆਪਣਾ ਸਿਰਨਾਵਾਂ ਢਾਲ ਰਹੀ
ਕੋਈ ਪਲ ਬੇਨਾਵਾਂ ਭਾਲ ਰਹੀ

ਅੱਖੀਆਂ ਚਾਹੁਣ ਕਿੱਕਲੀ ਪਾਵਣ
ਪਰ ਅੰਬਰ ਵਿਚ ਘੁੰਮੀ ਜਾਵਣ
ਇਕ ਖ਼ੁਦ ਵਿਚ ਗੁੰਮੀ ਚਾਲ ਜਿਹੀ
ਬਸ, ਮਨ ਆਪਣੇ ਦੇ ਹਾਲ ਜਿਹੀ

ਮਨ ਕੰਦਰ ਵਿਚ ਨ੍ਹੇਰ ਬੜਾ
ਯਾਦਾਂ ਦਾ ਕਾਫ਼ਲਾ ਘੇਰ ਖੜ੍ਹਾ
ਹੁਣ ਆਪਣੇ ਟੋਟੇ ਬਾਲ ਰਹੀ
ਚਾਨਣ ਦੇ ਕਤਰੇ ਢਾਲ ਰਹੀ

ਜਦ ਜਿੰਦ ਚਾਨਣ ਨੂੰ ਜਾ ਛੂਹੇ
ਖੜਕਾਵਾਂ ਜ਼ਿੰਦਗੀ ਦੇ ਬੂਹੇ

ਚਿਤਵਨ ਨੂੰ ਦੇ ਕੇ ਤਾਲ ਜਿਹੀ
ਸੁਪਨੇ ਦੀ ਲੈ ਕੇ ਢਾਲ ਜਿਹੀ

ਮੇਰੀ ਚੇਤਨਤਾ ਦੇ ਚਾਨਣ !
ਚੱਲ ਨ੍ਹੇਰੇ 'ਚੋਂ ਬਿਰਤੀ ਛਾਨਣ
ਇਉਂ ਜੀਂਦੇ ਤਾਲ ਬੇਤਾਲ ਜਿਹੀ
ਰਹਾਂ ਕੁਝ ਕੁਝ ਆਪਣੇ ਨਾਲ ਜਿਹੀ

ਮੈਂ ਚਾਨਣੀ ਦੇ ਦੇਸ ਵਿਚ
ਸੋਚਾਂ ਦੇ ਹੀ ਵੇਸ ਵਿਚ
ਚਾਨਣ ਦਾ ਤੇਜ਼ ਹੰਗਾਲ ਰਹੀ
ਵਿਚ ਗੁੰਮੇਂ ਤਾਰੇ ਭਾਲ ਰਹੀ

◆

## ਸੋਚ ਦੀਏ ਡਾਚੀਏ

ਮੇਰੀ ਸੋਚ ਦੀਏ ਡਾਚੀਏ
ਰੁਕ ਕੇ ਪਲ ਕੁ ਵਾਚੀਏ
ਤੇਰਾ ਚੇਤਿਆਂ ਦੇ ਦੇਸ ਵਿਚ
ਪੌਣਾਂ ਵਰਗੇ ਵੇਸ ਵਿਚ
ਬੌਰੇ ਹੋ ਹੋ ਘੁੰਮਣਾ
ਖਿੱਲਰੀਆਂ ਪੈੜਾਂ ਚੁੰਮਣਾ
ਤੇਰੀ ਨੀਂਦ ਹੈ ਜਾਂ ਜਾਗ ਹੈ
ਜਗਿਆਸਾ ਜਾਂ ਵੈਰਾਗ਼ ਹੈ

ਤੇਰੀ ਲੰਮ ਸਲੰਮੀ ਵਾਟ ਵਿਚ
ਮੱਥੇ 'ਚ ਜਗਦੀ ਲਾਟ ਵਿਚ
ਸੋਚਾਂ ਦਾ ਸੂਰਜ ਮਘ ਰਿਹਾ
ਤੇ ਤੈਨੂੰ ਜਗਦਾ ਰੱਖ ਰਿਹਾ
ਇਸ ਚਾਨਣੇ ਪਲ ਸਾਹ ਤਾਂ ਲੈ
ਆਪਣੇ ਸਫ਼ਰ ਦੀ ਥਾਹ ਤਾਂ ਲੈ
ਇਹ ਆ-ਮੁਹਾਰੇ ਪੰਧ ਨੀ
ਤੈਨੂੰ ਨਾ ਜਾਣ ਉਲੰਘ ਨੀ

ਤੇਰੀ ਧਰਤ ਅਜਬ ਹਸੀਨ ਹੈ
ਜੰਗਲਾਂ ਭਰੀ ਜ਼ਮੀਨ ਹੈ
ਬੱਦਲ ਖ਼ਿਆਲਾਂ ਦੇ ਕਿਤੇ
ਪਰਬਤ ਸੁਆਲਾਂ ਦੇ ਕਿਤੇ
ਪਗਡੰਡੀਆਂ ਇਕਵਾਸੀਆਂ
ਨਿੱਸਰਦੀਆਂ ਉਦਾਸੀਆਂ
ਪੈਰਾਂ ਨੂੰ ਆਪੇ ਛਲਦੇ ਰਾਹ
ਤੇ ਗੁੰਝਲਾਂ ਵਿਚ ਢਲਦੇ ਰਾਹ

ਤੇਰੇ ਪਰਬਤਾਂ 'ਚੋਂ ਰਿਸਦੀਆਂ
ਸਾਹਾਂ ਦੀ ਪੌਣ 'ਤੇ ਤਰਦੀਆਂ
ਤੇਰੀ ਜਿੰਦ ਦੀਆਂ ਬੱਦਲੀਆਂ
ਇਹ ਧੂੰਏਂ ਭਰੀਆਂ ਕਮਲੀਆਂ
ਉੱਛਲਦੀਆਂ ਭਟਕਦੀਆਂ
ਖਿੱਲਰਦੀਆਂ ਤੇ ਕਿਰਦੀਆਂ
ਵਾਟਾਂ ਤੋਂ ਫਿਰ ਖਿੜਕਦੀਆਂ
ਇਹ ਆਪਣੇ ਉੱਤੇ ਵਰ੍ਹਦੀਆਂ

ਤੇਰੇ ਥਲ ਨੇ ਅੜੀਏ ਬੇਵਫ਼ਾ
ਪੀ ਜਾਂਦੇ ਸਾਹਾਂ ਦੀ ਹਵਾ
ਤੈਨੂੰ ਰੇਤਿਆਂ ਵਿਚ ਰੇਤ ਕਰ
ਤੇਰੇ ਸਾਰੇ ਭੇਤ ਅਭੇਤ ਕਰ
ਪਿਆਸਾਂ ਦੇ ਬੀਜ ਜਗਾ ਰਹੇ
ਤੇ ਥੋਰ੍ਹਾਂ ਵਾਂਗ ਉਗਾ ਰਹੇ
ਤੂੰ ਆਪਣੇ ਕੰਡਿਆਂ ਵਿਚ ਘਿਰੀ
ਆਪਣੇ 'ਚੋਂ ਹੀ ਜਾਂਦੀ ਕਿਰੀ

ਤੇਰੇ ਸਾਗਰਾਂ ਦੇ ਉਛਾਲ ਨੀ
ਸਾਰੀ ਜਿੰਦ ਦੇਣ ਹੰਗਾਲ ਨੀ
ਸਾਹ ਗੋਤਿਆਂ ਵਿਚਕਾਰ ਰਹਿਣ
ਸੰਭਲਣ ਦੇ ਆਹਰ ਬੇਕਾਰ ਰਹਿਣ
ਨਾ ਤਰਨ ਦੀ ਹੀ ਹੋਸ਼ ਰਹੇ
ਨਾ ਜਰਨ ਦਾ ਹੀ ਜੋਸ਼ ਰਹੇ
ਲਹਿਰ ਲਹਿਰ ਸੋਚ ਵਹਿੰਦੀ
ਕਹਿਰ ਕਹਿਰ ਜਿੰਦ ਸਹਿੰਦੀ

ਮੇਰੀ ਸੋਚ ਦੀਏ ਡਾਚੀਏ
ਕਦੇ ਸਫ਼ਰ ਆਪਣੇ ਵਾਚੀਏ
ਤੇਰੀ ਤੋਰ ਵਿਚ ਮਚਲਦੀਆਂ
ਤੇਰੀ ਹੋਂਦ ਦੀਆਂ ਟੱਲੀਆਂ
ਅਣਦਿਸਦੇ ਪੰਧ ਸਰਾਪ ਨੇ
ਕਦੇ ਜ਼ਿੰਦਗੀ ਦਾ ਸੁਆਬ ਨੇ
ਇਹ ਖੇਡ ਦਾ ਹੀ ਹੈ ਕਮਾਲ
ਰੁਕਣਾ ਤੇ ਤੁਰਨਾ ਵੀ ਮੁਹਾਲ

ਮੇਰੀ ਸੋਚ ਡੀਏ ਡਾਚੀਏ
ਕਦੇ ਖ਼ੁਦ ਵੀ ਖ਼ੁਦ ਨੂੰ ਵਾਚੀਏ।

◆

## ਮੈਂ .ਗਜ਼ਲ ਨਹੀਂ ਹਾਂ

ਮੈਂ .ਗਜ਼ਲ ਨਹੀਂ ਹਾਂ ਦੋਸਤੋ
ਨਾ ਮਿਲੀ ਬਹਿਰ ਦੀ ਮੁਥਾਜ ਹਾਂ
ਮੈਂ ਨਜ਼ਮ ਹਾਂ ਆਜ਼ਾਦ ਜਿਹੀ
ਕੁਦਰਤ ਦਾ ਇਕ ਅੰਦਾਜ਼ ਹਾਂ

ਹੁਣ ਚੌਖਟੇ, ਨਾ ਹੀ ਰੂਪ ਲਈ
ਆਕਾਰ ਦੇ ਪਰਕਾਰ ਦੱਸ
ਏਸੇ ਹੁੰਮਸ ਵਿਚ ਫਸੀ
ਮੈਂ ਆਪਣੀ ਗੁੰਮ ਆਵਾਜ਼ ਹਾਂ

ਪਗਡੰਡੀਆਂ, ਨਾ ਸੋਚ ਮੇਰੀ
ਨੂੰ ਕੋਈ ਅਗਵਾਈ ਦੇ
ਮਹਿਸੂਸ ਮੈਨੂੰ ਕਰਨ ਦੇ
ਮੈਂ ਆਪਣਾ ਖ਼ੁਦ ਆਗਾਜ਼ ਹਾਂ

ਮੇਰੀ ਸ਼ਾਖ਼ ’ਚੋਂ ਹੀ ਫੁੱਟ ਕੇ
ਪੱਲਰ ਕੇ ਮੇਰੇ ਸਾਹਾਂ ’ਚੋਂ
ਮੈਨੂੰ ਕਲਮਿਆਂ ਵਿਚ ਬੰਨ੍ਹ ਕੇ
ਨਾ ਕਹਿ ਕਿ ਮੈਂ ਮੁਥਾਜ ਹਾਂ

ਸਿਰਜਕ ਹਾਂ ਕੁਦਰਤ ਦੀ ਤਰ੍ਹਾਂ
ਰੰਗਾਂ ਦੀ ਰਚਣਹਾਰ ਵੀ
ਮੈਂ ਹੀ ਸੂਰਜਾਂ ਦੀ ਕੁੱਖ ਹਾਂ
ਖ਼ੁਦ ਜ਼ਿੰਦਗੀ ਦਾ ਮਿਜਾਜ਼ ਹਾਂ

ਮੇਰੇ ਖ਼ਾਬ ਖ਼ਿਆਲ ਨੂੰ ਵਹਿਣ ਦੇ
ਮੈਨੂੰ ਆਪਣੀ ਭਾਸ਼ਾ ਕਹਿਣ ਦੇ

ਨਾ ਤੋਲ ਮੋਲ ਕੇ ਪਰ ਕਤਰ
ਫਿਰ ਦੇਹ ਭਰਮ ਕਿ ਮੈਂ ਰਾਜ਼ ਹਾਂ

ਮੈਂ ਫੁੱਲ ਹਾਂ, ਨਾ ਵੇਲ ਹਾਂ
ਮੈਂ ਬਿਰਖ਼ ਹਾਂ ਸੰਘਣਾ ਸਜੱਗ
ਮੇਰੀ ਛਾਵੇਂ ਜ਼ਿੰਦਗੀ ਸਾਹ ਲਵੇ
ਮੈਂ ਸ਼ਕਤੀਆਂ ਦਾ ਸਾਜ਼ ਹਾਂ

ਮੈਨੂੰ ਮੇਰੇ ਰੂਪ ’ਚ ਜੀਣ ਦੇ
ਮੈਨੂੰ ਬਿਰਖ਼ਾਂ ਵਾਂਗਰ ਥੀਣ ਦੇ
ਨਾ ਸਿਮਲੀਆਂ ਤਸ਼ਬੀਹਾਂ ਦੇ
ਨਾ ਗਹਿਣਿਆਂ ਦੀ ਮੁਥਾਜ ਹਾਂ

ਮੇਰੀ ਹੋਂਦ ਨੂੰ ਇਵੇਂ ਸਹਿਜ ਮੰਨ
ਜਿਵੇਂ ਧੁੱਪ, ਪਾਣੀ ਜਾਂ ਹਵਾ
ਇਸ ਸਹਿਜ ’ਚੋਂ ਜੋ ਫੁੱਟਣੀ
ਉਸ ਸੋਚ ਦੀ ਪਰਵਾਜ਼ ਹਾਂ

ਮੈਂ ਗ਼ਜ਼ਲ ਨਹੀਂ ਹਾਂ ਦੋਸਤੋ
ਨਾ ਮਿਲੀ ਬਹਿਰ ਦੀ ਮੁਥਾਜ ਹਾਂ
ਮੈਂ ਨਜ਼ਮ ਹਾਂ ਆਜ਼ਾਦ ਜਿਹੀ
ਕੁਦਰਤ ਦਾ ਇਕ ਅੰਦਾਜ਼ ਹਾਂ

◆

## ਸਾਂਵੇਂ ਸਾਂਵੇਂ ਤੁਰਦਿਆਂ

ਦੱਸ ਨੀ ਜਿੰਦੇ ਜੀਣ ਲਈ ਕੀ ਚਾਰਾ ਕਰੀਏ
ਕਿਸ ਨੂੰ ਸ਼ੋਰ ਦੇ ਜੰਗਲ ਵਿਚ ਇਸ਼ਾਰਾ ਕਰੀਏ

ਸੁਪਨੇ ਸਾਡੇ ਲੱਗੇ ਪਲਣ, ਤਿਜਾਰਤ ਵਿਹੜੇ
ਕਿਹੜੇ ਸਾਡੇ ਆਪਣੇ ਕਿੰਜ ਨਿਤਾਰਾ ਕਰੀਏ

ਕਿਸ਼ਤੀ ਨਾ ਹੀ ਸਮੇਂ ਦਾ ਚੱਪੂ ਹਾਮੀ ਭਰਦਾ
ਡੁੱਬਦਿਆਂ ਸਾਹਾਂ ਦਾ ਕਿੰਜ ਸਮੁੰਦਰ ਤਰੀਏ

ਢਲੀ ਸ਼ਾਮ ਤਾਂ ਤਾਰੇ ਆਪਣੇ ਪੰਧੀਂ ਪਏ
ਕੀਹਦੇ ਉੱਤੇ ਆਸ ਦੀ ਹੁਣ ਉਂਗਲ ਧਰੀਏ

ਸਾਂਵੇਂ ਸਾਂਵੇਂ ਤੁਰਦਿਆਂ ਵੀ ਪੈਰ ਜੇ ਥਿੜਕਣ
ਕਿਹੜੀ ਜੀਵਨ ਜਾਚ ਨਾਲ ਗੁਜ਼ਾਰਾ ਕਰੀਏ

ਰਿਸ਼ਤਿਆਂ ਦੀ ਮਹਿਕ ਦੇ ਜਦ ਫ਼ਟਣ ਗੁਬਾਰੇ
ਮੋਹ ਅੱਗੇ ਕਿਸ ਭਰਮ ਦਾ ਹੁਣ ਲਾਰਾ ਧਰੀਏ

ਹਰ ਰਿਸ਼ਤੇ ਤੇ ਨਾਮ ਨੂੰ, ਹੁਣ ਛੱਡ ਕੇ ਪਿੱਛੇ
ਕਿਸੇ ਵੀਰਾਨ ਜਜ਼ੀਰੇ, ਚੱਲ ਉਤਾਰਾ ਕਰੀਏ

ਦੱਸ ਨੀ ਜਿੰਦੇ, ਜੀਣ ਲਈ ਕੀ ਚਾਰਾ ਕਰੀਏ
ਕਿਸ ਨੂੰ ਸ਼ੋਰ ਦੇ ਜੰਗਲ ਵਿਚ ਇਸ਼ਾਰਾ ਕਰੀਏ

◆

## ਤੁਰ ਪਏ ਹਾਂ

ਤੁਰ ਪਏ ਹਾਂ ਗੋਲ ਗੋਲ, ਪਿੰਡ ਬਣਾਉਣ ਲਈ
ਆਪਣੇ ਸਾਰੇ ਸੰਦ ਉਸਦੀ ਝੋਲ ਪਾਉਣ ਲਈ

ਤਿਰਛੀ ਨਜ਼ਰ ਤੇ ਤਰ ਹਵਾਵਾਂ ਦਰ ’ਤੇ ਆ ਗਈਆਂ
ਖੇਤਾਂ ਦੇ ਸੁਪਨੇ ਪੀਸ ਕੇ ਸੁਰਮਾ ਬਣਾਉਣ ਲਈ

ਸੁਪਨੇ ਸਾਡੇ ਘੋਲ ਮੰਡੀ ਨੇ ਬਣਾ ਲਏ ਰੰਗ
ਚਾਵਾਂ ਵਿਚ ਸਾਰੇ ਅਸੀਂ ਹਾਂ ਰੰਗ ਪਵਾਉਣ ਲਈ

ਪਾਟੇ ਹੋਏ ਬੋਝਿਆਂ ’ਚੋਂ ਆਸਾਂ ਕਿਰਦੀਆਂ
ਲੈ ਗਿਆ ਬਾਜ਼ਾਰ ਸ਼ੀਸ਼ੇ ਵਿਚ ਸਜਾਉਣ ਲਈ

ਇਕ ਰੋਜ਼ ਜ਼ਿੰਦਗੀ ਤੂੰ ਸਾਡੇ ਵਿਹੜੇ ਆ ਤਾਂ ਸਹੀ
ਖ਼ੁਦਕੁਸ਼ੀ ਦੇ ਜੰਗਲਾਂ ਵਿਚ ਝਾਤ ਪਾਉਣ ਲਈ

ਐ ਹਵਾ ! ਕੁਝ ਮੇਰੇ ਅੰਦਰ, ਮੈਨੂੰ ਰਹਿਣ ਦੇ
ਘੁਲ਼ ਨਾ ਜਾਵਾਂ ਸਾਰੀ ਤੇਰੇ ਨਾਲ ਆਉਣ ਲਈ

ਸਰਘੀ ਦੇ ਸੂਰਜ ਦੀ ਕਿਰਨੇ, ਧਰਤ ਸਾਡੀ ਆ
ਡਾਢੇ ਉਦਾਸ ਬੀਜਾਂ ਨੂੰ ਮੁੜ ਤੋਂ ਮਨਾਉਣ ਲਈ

◆

## ਕਿਹੜੀ ਲਿੱਪੀ ਵਿਚ ਲਿਖੀਏ

ਐ ਹਵਾਏ ! ਸੁਪਨਿਆਂ ਦੀਆਂ, ਟੱਪਰੀਆਂ 'ਚੋਂ ਹੋ ਕੇ ਆ
ਖ਼ਾਨਾਬਦੋਸ਼ ਚਿਹਰਿਆਂ ਨੂੰ, ਸੋਚ ਦੇ ਜਲ ਧੋ ਕੇ ਆ

ਕੁਝ ਸਵੇਰੇ ਮੂਰਛਿਤ, ਅੰਦਰੋਂ ਜਿਊਂਦੇ ਹੋਣਗੇ
ਉਨ੍ਹਾਂ ਉੱਤੇ ਚਾਨਣੇ, ਚਾਵਾਂ ਦੇ ਛਿੱਟੇ ਪਾ ਜਗਾ

ਖ਼ੁਦਕੁਸ਼ੀ ਦੇ ਦੌਰ ਅੰਦਰ, ਸੁੰਨ ਨਗਰੀ ਦਾ ਅਜ਼ਾਬ
ਕਿਹੜੀ ਲਿੱਪੀ ਵਿਚ ਲਿਖੀਏ, ਸਾਨੂੰ ਹੁਣ ਉਹੀ ਸਿਖਾ

ਸ਼ਹਿਰ ਦੀ ਸਾਰੀ ਹੀ ਛਾਂ ਨੂੰ, ਛਾਂਗ ਕੇ ਹੁਣ ਦਾ ਸਮਾਂ
ਮੰਨ ਬੈਠਾ ਹੈ ਕਿ ਆਪਣਾ ਫ਼ਰਜ਼ ਮੈਂ ਦਿੱਤਾ ਨਿਭਾ

ਛਾਵਾਂ ਦੀਆਂ ਕਬਰਾਂ ਦੇ ਉੱਤੇ, ਤਪਸ਼ ਦੇ ਤਾਣੀ ਚੰਦੋਏ
ਵਿਕਾਸ ਗਾ ਰਿਹਾ ਹੈ ਗਾਣਾ, ਕੁਰਸੀਆਂ ਦੇ ਨਾਮ ਦਾ

ਆ ਗਿਆ ਹੈ ਕੋਈ ਸ਼ਕੁਨੀ, ਮੋਹ ਦੀਆਂ ਤੰਦਾਂ ਵਿਚਾਲੇ
ਚਾਹ ਰਿਹਾ ਹੈ ਫਿਰ ਤੋਂ ਦੇਵੇ, ਕੋਈ ਮਹਾਭਾਰਤ ਜਗਾ

ਬੇਲਾਗਤਾ ਦੇ ਸੀਨਿਆਂ ਵਿਚ, ਵਾਵਰੋਲਾ ਹੋ ਕੇ ਜਾਹ
ਖੰਡਰਾਂ 'ਚੋਂ ਜਾਗ ਜਾਵੇ, ਜੀਣ ਦਾ ਇਕ ਸਿਲਸਿਲਾ

◆

## ਪਲਕਾਂ ਦੇ ਅੰਦਰਵਾਰ

ਖੋਲ੍ਹਣ ਲੱਗੀਓ, ਨੀ ਮੇਰੀ ਅੱਖੀਓ
ਜੇ ਸੁਪਨੇ ਦੇ ਦੁਆਰ
ਸਿੱਖ ਲਓ ਤੱਕਣਾ, ਨੀ ਮੇਰੀ ਸਖੀਓ
ਅੱਥਰੂਆਂ ਤੋਂ ਪਾਰ

ਸੁਪਨੇ ਬਲੌਰੀ ਦੇ ਕੇ ਦਸਤਕ
ਜ਼ਿੰਦਗੀ ਦੇ ਰਾਹਾਂ 'ਤੇ
ਕੱਚ ਖਿਲਾਰ ਕੇ ਤੁਰ ਜਾਂਦੇ ਨੇ
ਸਾਹਾਂ ਦੇ ਰਾਹਾਂ 'ਤੇ
ਅੱਥਰੂਆਂ ਨੇ ਧੋਂਦੇ ਰਹਿਣਾ
ਦਿਲ ਦੇ ਪਾਰ ਉਰਾਰ
ਖੋਲ੍ਹਣ ਲੱਗੀਓ...

ਡਲ੍ਹਕਣ ਕੋਸੇ, ਖਾਰੇ ਅੱਥਰੂ
ਮਨ ਦੇ ਮੋਤੀ ਬਣ ਕੇ
ਦਰਦ ਦੇ ਕਾਸਦ, ਜਿੰਦ ਦੇ ਸਾਥੀ
ਪੀੜਾਂ ਦੇ ਇਹ ਮਣਕੇ
ਅੱਥਰੂ ਹੀ ਤਾਂ ਵੱਸਣ ਹਰ ਪਲ
ਜਿੰਦ ਤੇ ਮਨ ਵਿਚਕਾਰ
ਖੋਲ੍ਹਣ ਲੱਗੀਓ...

ਸੁਪਨੇ ਦੇ ਗਰਭ 'ਚ ਜੰਮੇ ਅੱਥਰੂ
ਸਾਹਾਂ ਨੂੰ ਪੀ ਕੇ ਪਲਦੇ
ਤਾਰਿਆਂ ਤੇ ਸਤਰੰਗੀਆਂ ਦੀਆਂ
ਕਬਰਾਂ 'ਚੋਂ ਨਿੱਕਲਦੇ
ਤੁਰਦੇ ਅੱਖੀਆਂ 'ਚੋਂ ਵਣਜਾਰੇ
ਦਰਦ ਦਾ ਕਰਨ ਵਪਾਰ

ਸੁਪਨੇ ਦੀ ਕਿਸਮਤ ਕੌਣ ਲਿਖੇ ਨੀ
ਕੌਣ ਭਰੇ ਇਹਦੇ ਰੰਗ ਨੀ
ਚਿਤਵਨ ਦੇ ਪਲ, ਆਪ ਸਪੋਲੀਏ
ਜਾਣ ਰੰਗਾਂ ਨੂੰ ਡੰਗ ਨੀ
ਅੱਖੀਏ ਮੇਰੀਏ, ਰੱਖ ਸੁਪਨੇ ਨੂੰ
ਪਲਕਾਂ ਦੇ ਅੰਦਰਵਾਰ

ਖੋਲ੍ਹਣ ਲੱਗੀਓ ਨੀ ਮੇਰੀ ਅੱਖੀਓ
ਜੇ ਸੁਪਨੇ ਦੇ ਦੁਆਰ
ਸਿੱਖ ਲਓ ਤੱਕਣਾ ਨੀ ਮੇਰੀ ਸਖੀਓ
ਅੱਥਰੂਆਂ ਤੋਂ ਪਾਰ

◆

# ਸਾਹ ਦਾ ਸਮਾਨ ਗੁੰਮ ਹੈ

ਮੇਰਾ ਕੁਝ ਸਮਾਨ ਗੁੰਮ ਹੈ
ਵਿਚ ਮੇਰੀ ਜਾਨ ਗੁੰਮ ਹੈ
ਜ਼ਿੰਦਗੀ 'ਚ ਜੀਂਦੇ ਹੋਣ ਦਾ
ਹਰ ਇਕ ਨਿਸ਼ਾਨ ਗੁੰਮ ਹੈ

ਰਿਸ਼ਤੇ ਦੀ ਹਰ ਲੜੀ 'ਚੋਂ
ਬਸ ਮੋਹ ਦੀ ਤਾਨ ਗੁੰਮ ਹੈ
ਜਿੰਦ ਲਾ ਕੇ ਪਲੀਆਂ ਫ਼ਸਲਾਂ
ਮੰਡੀ 'ਚ ਮਾਣ ਗੁੰਮ ਹੈ

ਮੀਲਾਂ 'ਚ ਖਿੱਲਰੇ ਸ਼ਹਿਰੀਂ
ਘਰ ਦਾ ਨਿਸ਼ਾਨ ਗੁੰਮ ਹੈ
ਪੁੱਛਾਂ ਤੇ ਕਿਸ ਨੂੰ ਪੁੱਛਾਂ
ਇਨਸਾਨ ਸਾਡਾ ਗੁੰਮ ਹੈ

ਪੌਣਾਂ 'ਚ ਸਾਹ ਜੋ ਛਿੜਕੇ
ਪਾਵਨ ਅਜ਼ਾਨ ਗੁੰਮ ਹੈ
ਧੂੰਏਂ 'ਚ ਫਸੀਆਂ ਵਾਵਾਂ
ਸਾਹ ਦਾ ਸਮਾਨ ਗੁੰਮ ਹੈ

ਮੇਰਾ ਕੁਝ ਸਮਾਨ ਗੁੰਮ ਹੈ
ਵਿਚ ਮੇਰੀ ਜਾਨ ਗੁੰਮ ਹੈ

◆

## ਐ ਪੌਣ ਮੇਰੀ ਚੁੰਨੀ ਨਾ ਉਡਾ

ਸਾਹਾਂ ਦੀ ਹਵਾ ਨਾ ਹਿਲਾ ਮੈਨੂੰ
ਮੇਰੇ ਅੰਦਰੋਂ ਬਿਰਖ ਨਾ ਜਾਗ ਪਵੇ
ਆਪਣੇ ਸੁੱਕਦੇ ਪੱਤੇ ਤੱਕ ਕੇ
ਕੋਈ ਰੋਗ ਨਾ ਨਾ ਵਿਹਾਞ ਬਹੇ।

ਐ ਪੌਣ ਮੇਰੀ ਚੁੰਨੀ ਨਾ ਉਡਾ
ਪੱਲੇ ਦੀ ਗੰਢ ਨਾ ਖੁੱਲ੍ਹ ਜਾਵੇ
ਮੇਰੇ ਚਾਰ ਚੁਫ਼ੇਰੇ ਰੇਤੇ ਵਿਚ
ਉਮਰਾਂ ਦਾ ਸੱਚ ਨਾ ਡੁੱਲ੍ਹ ਜਾਵੇ।

ਪਾਣੀ, ਨਾ ਆਪਣੀ ਲਹਿਰ ਛੁਹਾ
ਜ਼ਖ਼ਮਾਂ ਤੋਂ ਲੇਪ ਨਾ ਖੁਰ ਜਾਵੇ
ਕੱਚੀ ਮਿੱਟੀ ਦੀ ਢੇਰੀ ਦੇ
ਸਬਰਾਂ ਦਾ ਬੰਨ੍ਹ ਨਾ ਭੁਰ ਜਾਵੇ।

ਐ ਚਾਨਣ, ਪਲਕਾਂ ਨੂੰ ਨਾ ਜਗਾ
ਕੋਈ ਸੁਪਨਾ ਹੀ ਨਾ ਜਾਗ ਪਏ
ਉਹਦੇ ਦਿਲ ਦੇ ਟੁੱਟੇ ਕੱਚ ਵਿਚੋਂ
ਕੋਈ ਚੀਸ ਨਾ ਬਣ ਕੇ ਰਾਗ ਬਹੇ।

ਮਿੱਟੀ ਮੇਰੀ, ਨਾ ਖੁਰਦੀ ਜਾਹ
ਤੇਰੇ ਅੰਦਰ ਹੀ ਨਾ ਧਸ ਜਾਵਾਂ
ਅੰਦਰ ਕੋਈ ਲਾਵਾ ਉਬਲ ਪਵੇ
ਉਸੇ ਵਿਚ ਹੀ ਨਾ ਫਸ ਜਾਵਾਂ।

ਐ ਧੁੱਪ ਗਹਿਰੀ, ਨਾ ਅੰਦਰ ਜਾਹ
ਨਾ ਜੰਮੀ ਪੀੜ ਪਿਘਲ ਜਾਵੇ

ਮੇਰੀ ਸਾਰੀ ਜਿੰਦ ਵਿਚ ਰਚ ਜਾਵੇ
ਮਿੱਟੀ ਵਿਚ ਮਿੱਟੀ ਮਿਲ ਜਾਵੇ।

ਐ ਅੰਬਰ ਵੱਸ ਏਵੇਂ ਵੀ ਕਦੇ
ਜ਼ਿੰਦਗੀ ਦੀ ਉਦਾਸੀ ਧੁਪ ਜਾਵੇ
ਤੇ ਪੁੰਗਰਨ ਤੁਰਿਆ ਬੀਜ ਕੋਈ
ਆਪਣੇ ਅੰਦਰੇ ਨਾ ਲੁਕ ਜਾਵੇ।

ਐ ਪੌਣ ਮੇਰੀ ਚੁੰਨੀ ਨਾ ਉਡਾ
ਪੱਲੇ ਦੀ ਗੰਢ ਨਾ ਖੁੱਲ੍ਹ ਜਾਵੇ
ਮੇਰੇ ਚਾਰ ਚੁਫ਼ੇਰੇ ਰੇਤੇ ਵਿਚ
ਉਮਰਾਂ ਦਾ ਸੱਚ ਨਾ ਡੁੱਲ੍ਹ ਜਾਵੇ।

◆

## ਠਹਿਰੇ ਹੋਏ ਪਲ

ਸਾਹਾਂ ਵਿਚ ਠਹਿਰੇ ਹੋਏ ਪਲਾਂ ਨੂੰ, ਓ ਦੋਸਤਾ
ਹਿਲਾ ਦੇ ਇਕ ਵਾਰ
ਘੋਲ ਕੇ ਅਹਿਸਾਸਾਂ ਵਿਚ ਸਾਰੇ ਮੇਰੀ ਜਿੰਦ ਨੂੰ
ਪਿਲਾ ਦੇ ਇਕ ਵਾਰ।

ਸਮਿਆਂ 'ਚ ਰੁਕੇ ਹੋਏ ਸਾਰੇ ਚੰਨ ਤਾਰਿਆਂ ਦੇ
ਜਾਲੇ ਲਾਹ ਕੇ
ਪੱਥਰਾਂ ਜਿਹੇ ਪਲ ਓਹਲੇ ਸੁੱਤੀ ਹੋਈ ਕੋਈ
ਬੱਦਲੀ ਜਗਾ ਕੇ
ਤਪੀ ਤਪੀ ਖਿੱਲਰੀ ਜਿਹੀ 'ਵਾ ਦੇ ਤਨ ਮਨ 'ਤੇ
ਵਰ੍ਹਾ ਦੇ ਇਕ ਵਾਰ
ਸਾਹਾਂ ਵਿਚ ਠਹਿਰੇ ਹੋਏ...

ਅੱਖੀਆਂ ਦੇ ਨੀਰ ਵਿਚ ਡੁੱਬ ਰਹੇ ਸੁਪਨੇ ਦੇ
ਲਾਰਿਆਂ ਨੂੰ ਛੂਹ
ਨਜ਼ਰਾਂ 'ਚ ਤਣੇ ਹੋਏ ਜਾਲਿਆਂ ਦੇ ਅੰਦਰੋਂ
ਉਨ੍ਹਾਂ ਨੂੰ ਕਦੇ ਧੂਹ
ਜ਼ਿੰਦਗੀ ਦੇ ਅੰਬਰਾਂ 'ਤੇ ਘਰ ਦੇ ਕੇ ਉਨ੍ਹਾਂ ਨੂੰ
ਵਸਾ ਦੇ ਇਕ ਵਾਰ
ਸਾਹਾਂ ਵਿਚ ਠਹਿਰੇ ਹੋਏ...

ਪਰਤਾਂ ਹੀ ਪਰਤਾਂ ਨੇ ਸੋਚਾਂ ਦੀਆਂ ਸੱਜਣਾਂ ਵੇ
ਜਿੰਦ ਦੇ ਦਰੀਂ
ਪਰਤਾਂ 'ਚ ਘੁੰਮਦੇ ਨੇ ਜੀਣ ਦੇ ਆਸਾਰ ਸਾਰੇ
ਸੋਚਾਂ ਦੇ ਘਰੀਂ
ਚੇਤਿਆਂ ਦੇ ਥੱਬਿਆਂ 'ਚੋਂ ਬੁੱਲ੍ਹਾ ਕੋਈ ਪੌਣ ਦਾ

ਲਿਆ ਦੇ ਇਕ ਵਾਰ
ਸਾਹਾਂ ਵਿਚ ਠਹਿਰੇ ਹੋਏ...

ਸਾਹਾਂ ਵਿਚ ਠਹਿਰੇ ਹੋਏ ਪਲਾਂ ਨੂੰ, ਓ ਦੋਸਤਾ
ਹਿਲਾ ਦੇ ਇਕ ਵਾਰ
ਘੋਲ ਕੇ ਅਹਿਸਾਸਾਂ ਵਿਚ ਸਾਰੇ ਮੇਰੀ ਜਿੰਦ ਨੂੰ
ਪਿਲਾ ਦੇ ਇਕ ਵਾਰ।

◆

## ਸੁਪਨੇ ਓ ਸੁਪਨੇ

ਸੁਪਨੇ ਓ ਸੁਪਨੇ, ਕਦੇ ਸਾਡੀ ਨੀਂਦ ਵਿਚੋਂ
ਲੰਘ ਜਾਇਆ ਕਰ
ਕਾਲੀਆਂ ਉਦਾਸੀਆਂ ਦੇ, ਗੁੰਮ ਰਾਹਾਂ ਵਿਚ ਤਾਰੇ
ਟੰਗ ਜਾਇਆ ਕਰ

ਥੱਕੀ ਹੋਈ ਰਾਤ ਵਿਚ
ਢਲ ਰਹੀ ਜ਼ਿੰਦਗੀ ਦਾ ਹੱਥ ਵੀ ਫੜੀਂ
ਚਾਨਣਾਂ ਦੇ ਰਾਹਾਂ ਵਿਚ
ਖੜ੍ਹੇ ਪਰਛਾਵਿਆਂ ਦੇ ਸਾਹਵੇਂ ਵੀ ਅੜੀਂ
ਆਉਂਦੇ ਜਾਂਦੇ ਸਾਹਾਂ ਵਿਚ
ਸਰਘੀ ਤੋਂ ਕੋਈ ਟੂਣਾ ਮੰਗ ਜਾਇਆ ਕਰ
ਸੁਪਨੇ ਓ ਸੁਪਨੇ...

ਦੇਰ ਤੋਂ ਇਹ ਜਿੰਦ
ਗੁੰਮਸੁੰਮ ਪਗਡੰਡੀਆਂ ’ਤੇ ਰਹੇ ਫਿਰਦੀ
ਕਣੀਆਂ ਦੀ ਆਸ ਵਿਚ
ਤਪੇ ਹੋਏ ਅੰਬਰਾਂ ਤੋਂ ਰੇਤ ਕਿਰਦੀ
ਬੱਦਲੀ ਕੋਈ ਅੰਬਰਾਂ ’ਤੇ
ਸੋਨ ਕਿਨਾਰੀ ਵਾਲੀ ਟੰਗ ਜਾਇਆ ਕਰ
ਸੁਪਨੇ ਓ ਸੁਪਨੇ...

ਅੱਖੀਆਂ ਹਨੇਰਿਆਂ ’ਚ ਗੁੰਮ ਤੈਨੂੰ
ਤੱਕਣਾ ਨਾ ਭੁੱਲ ਜਾਣ ਵੇ
ਸਰਘੀ ਦੇ ਰੰਗ ਸਾਰੇ
ਕਾਲੇ ਰੰਗ ਵਿਚ ਹੀ ਨਾ ਰੁਲ ਜਾਣ ਵੇ
ਆਪਣੇ ਹੀ ਕੋਲੋਂ ਬਸ
ਆਪਣੀ ਹੀ ਸੁਖ ਹੁਣ ਮੰਗ ਜਾਇਆ ਕਰ
ਸੁਪਨੇ ਓ ਸੁਪਨੇ...

ਕਿਸੇ ਪਲ ਵੀ ਨਾ
ਤੇਰੇ ਖਾਕਿਆਂ ਦੇ ਵਿਚ ਕਦੇ ਰੰਗ ਭਰਨਾ
ਆਪਣੇ ਅੱਥਰੂਆਂ ਦੇ ਸਾਰੇ ਹੀ ਸਮੁੰਦਰਾਂ ਨੂੰ
ਆਪੇ ਤਰਨਾ
ਸਮਿਆਂ ਦੇ ਵਾਲਾਂ ਵਿਚ
ਆਪਣੇ ਉਗਾਏ ਫੁੱਲ ਟੰਗ ਜਾਇਆ ਕਰ
ਸੁਪਨੇ ਓ ਸੁਪਨੇ...

ਸੁਪਨੇ ਓ ਸੁਪਨੇ ਕਦੇ ਸਾਡੀ ਨੀਂਦ ਵਿਚੋਂ
ਲੰਘ ਜਾਇਆ ਕਰ
ਕਾਲੀਆਂ ਉਦਾਸੀਆਂ ਦੇ ਗੁੰਮ ਰਾਹਾਂ ਵਿਚ
ਤਾਰੇ ਟੰਗ ਜਾਇਆ ਕਰ

◆

## ਦਿਨ ਢਲੇ ਜਦ ਚੰਨ ਚੜ੍ਹੇ

ਦਿਨ ਢਲੇ ਜਦ ਚੰਨ ਚੜ੍ਹੇ
ਮੇਰੇ ਨਾਲ ਚੱਲ ਪਰਛਾਵਿਆਂ
ਸੁੰਨ ਦੇ ਇਸ ਦੌਰ ਵਿਚ
ਸਾਥੀ ’ਚ ਢਲ ਪਰਛਾਵਿਆਂ

ਜਦ ਕਦੇ ਯਾਦਾਂ ਦਾ ਮੂਕ
ਕਾਫ਼ਲਾ ਅੰਦਰ ਤੁਰੇ
ਚੁੱਪ ਦੀ ਇਸ ਭੀੜ ਵਿਚ
ਆਖ਼ਰ ਇਹੀ ਫੁਰਨਾ ਫੁਰੇ
ਲੰਬੇ ਉਦਾਸ ਸਫ਼ਰ ਵਿਚ
ਮੇਰੇ ਨਾਲ ਰਲ ਪਰਛਾਵਿਆਂ
ਦਿਨ ਢਲੇ...

ਬੁੱਤ ਹਨੇਰੇ ਦਾ ਹੈਂ ਤੂੰ
ਪਰ ਚਾਨਣਾਂ ਦਾ ਯਾਰ ਤੂੰ
ਖ਼ੁਦ ਹੀ ਖ਼ੁਦ ’ਚੋਂ ਟੋਲਦੀ
ਜਦ ਗੁੰਮਦਾ ਹਰ ਵਾਰ ਤੂੰ
ਮੇਰਾ ਹੋ ਕੇ ਨਾਲ ਮੇਰੇ
ਕਿਉਂ ਇਹ ਛੱਲ ਪਰਛਾਵਿਆਂ
ਦਿਨ ਢਲੇ...

ਉਂਜ ਤਾਂ ਅੰਦਰ ਵੀ ਮੇਰੇ
ਪਰਛਾਵਿਆਂ ਦੇ ਕਾਫ਼ਲੇ
ਘੁੰਮਦੇ ਬੇਚੈਨ ਜਿਉਂ
ਨਿਥਾਵਿਆਂ ਦੇ ਕਾਫ਼ਲੇ
ਪਰ ਬਾਹਰ ਦੇ ਘੁੱਪ ਘੇਰ ਵਿਚ
ਡਾਢੀ ਇਕੱਲ ਪਰਛਾਵਿਆਂ
ਦਿਨ ਢਲੇ...

ਤੂੰ ਹਨੇਰਿਆਂ ਦੇ ਰੰਗ ਦਾ
ਨਿੱਤ ਚਾਨਣਾ ’ਚੋਂ ਲੰਘਦਾ
ਫਿਰ ਵੀ ਹਨੇਰੇ ਆਉਣ ’ਤੇ
ਕਿਉਂ ਨਾਲ ਹੋਣੋਂ ਸੰਗਦਾ
ਆ ਕੇ ਮੇਰੀ ਇਕੱਲ ਨੂੰ
ਤੂੰ ਦੂਰ ਘੱਲ ਪਰਛਾਵਿਆਂ
ਦਿਨ ਢਲੇ...

ਦਿਨ ਢਲੇ ਜਦ ਚੰਨ ਚੜ੍ਹੇ
ਮੇਰੇ ਨਾਲ ਚੱਲ ਪਰਛਾਵਿਆਂ
ਸੁੰਨ ਦੇ ਇਸ ਦੌਰ ਵਿਚ
ਸਾਥੀ ’ਚ ਢਲ ਪਰਛਾਵਿਆਂ

◆

## ਉਦਾਸੀ ਠੀਕ ਨਹੀਂ

ਹੌਲੇ ਹੌਲੇ ਛੂਹ ਸ਼ਬਦਾਂ ਨੂੰ
ਮੇਰੇ ਗੀਤ, ਉਦਾਸੀ ਠੀਕ ਨਹੀਂ
ਆਪਣੀ ਸਮਰੱਥਾ ਤੇ ਤੇਰੀ
ਇਹ ਬੇਵਿਸ਼ਵਾਸੀ ਠੀਕ ਨਹੀਂ

ਤੇਰੇ ਫੁੱਲਾਂ ਵਰਗੇ ਸ਼ਬਦ ਨਹੀਂ
ਚੰਚਲ ਜੇਹਾ ਪਰਤੌਅ ਵੀ ਨਾ
ਬੁਝੀਆਂ ਬੁਝੀਆਂ ਸੋਚਾਂ ਤੇਰੀਆਂ
ਕੋਈ ਆਸ ਦੀ ਜੋਤ, ਜਲੌਅ ਵੀ ਨਾ
ਸਾਹਾਂ ਦੀ ਸਰਗਮ ਜੋੜਦਿਆਂ
ਦੁਖਦੀ ਜਿਹੀ ਹਾਸੀ ਠੀਕ ਨਹੀਂ
ਹੌਲੇ ਹੌਲੇ...

ਬਿਰਖ਼ਾਂ ਦੀ ਪਿਆਸ ਰਹੀ ਢਲਦੀ
ਤੇ ਸਿਮਟ ਕੇ ਕੰਡੇ ਬਣ ਆਏ
ਮਨੋ ਇਕੱਲੇ ਕੰਡੇ ਰਹਿੰਦੇ
ਕੂਲੀ ਛੋਹ ਦੇ ਤਿਰਹਾਏ
ਪੱਲੂ ਨੂੰ ਛੂੰਹਦਾ ਹਰ ਕੰਡਾ
ਬੇਸ਼ਗਨੀ ਦਾ ਪ੍ਰਤੀਕ ਨਹੀਂ
ਹੌਲੇ ਹੌਲੇ...

ਤੇਰੇ ਸ਼ਾਮ ਸਲੇਟੀ ਬੁੱਲ੍ਹਾਂ ਵਿਚ
ਚੁੱਪ ਧੁਖਦੇ ਧੁਖਦੇ ਰਾਜ਼ ਤੇਰੇ
ਮੁਸਕਾਨ ਦੇ ਸਾਵੇਪਣ ਅੰਦਰ
ਕੁੱਸਦੇ ਜਿਹੇ ਸਭ ਅਲਫ਼ਾਜ਼ ਤੇਰੇ
ਸਾਵੇ ਪੱਲੂ ਦੇ ਓਹਲੇ ਵਿਚ
ਹੋਣਾ ਬਨਵਾਸੀ ਠੀਕ ਨਹੀਂ
ਹੌਲੇ ਹੌਲੇ...

ਸਾਹਾਂ ਦੇ ਵਾਵਰੋਲੇ ਸਹੀ
ਕੋਈ ਜੁਗਨੂੰ ਨਾ ਕੋਈ ਤਾਰਾ ਨਾ
ਸਿਸਕੀਆਂ ਵਰਗੀਆਂ ਤਾਨਾਂ ਨੂੰ
ਕਿਸੇ ਸਾਜ਼ ਦਾ ਕੋਈ ਸਹਾਰਾ ਨਾ
ਫਿਰ ਵੀ ਸਾਹ ਦੇਂਦੀਆਂ ਪੌਣਾਂ ਦੀ
ਹੌਕੇ 'ਚ ਨਿਕਾਸੀ ਠੀਕ ਨਹੀਂ
ਹੌਲੇ ਹੌਲੇ...

ਚਾਨਣ ਪਲਕਾਂ ਨੂੰ ਛੂਹਣ ਤਾਂ ਦੇ
ਮੁਸਕਾਨ ਤੋਂ ਪਰਦੇ ਸਰਕਣ ਦੇ
ਦਰਦਾਂ ਦੇ ਗਹਿਰੇ ਸਾਗਰ ਨੂੰ
ਅੰਦਰ ਹੀ ਅੰਦਰ ਛਲਕਣ ਦੇ
ਹਾਸੇ ਹੌਕੇ ਵਿਚਲਾ ਪਰਦਾ
ਦੋ ਦੇਸਾਂ ਵਿਚਲੀ ਠੀਕ ਨਹੀਂ

ਹੌਲੇ ਹੌਲੇ ਛੂਹ ਸ਼ਬਦਾਂ ਨੂੰ
ਮੇਰੇ ਗੀਤ, ਉਦਾਸੀ ਠੀਕ ਨਹੀਂ
ਆਪਣੀ ਸਮਰੱਥਾ ਤੇ ਤੇਰੀ
ਇਹ ਬੇਵਿਸ਼ਵਾਸੀ ਠੀਕ ਨਹੀਂ

◆

## ਠਹਿਰ ਜੋਗੀ

ਕਦੇ ਠਹਿਰ ਜੋਗੀ ਸਾਡੇ ਇਕਤਾਰਿਆਂ ਨੂੰ ਸੁਣ
ਸਾਨੂੰ ਆਪਣੇ ਵਿਜੋਗ ਵਿਚ ਮਾਰਿਆਂ ਨੂੰ ਸੁਣ

ਕਦੇ ਚਾਨਣਾਂ 'ਚ ਠਹਿਰ ਗਏ ਹਨੇਰਿਆਂ ਨੂੰ ਛੂਹ
ਲੁਕੇ ਲਾਰਿਆਂ ਦੇ ਉਹਲੇ 'ਚ ਸਵੇਰਿਆਂ ਨੂੰ ਛੂਹ
ਲਾਹ ਦੇ ਆਪਣੀ ਹੀ ਲੋਏ ਡੁੱਬੇ ਤਾਰਿਆਂ ਦਾ ਘੁਣ
ਕਦੇ ਠਹਿਰ ਜੋਗੀ...

ਕਦੇ ਬੱਦਲਾਂ ਦੇ ਪਿੱਛੇ ਲੁਕੀ ਪਿਆਸ ਵੱਲ ਆ
ਤੇ ਉਦਾਸੀਆਂ 'ਚ ਘੁਲੀ ਜਾਂਦੀ ਆਸ ਵੱਲ ਆ
ਕਿਸੇ ਸੁਪਨੇ 'ਚੋਂ ਸਿੰਮੇ ਹੰਝੂ ਖਾਰਿਆਂ ਨੂੰ ਚੁਣ
ਕਦੇ ਠਹਿਰ ਜੋਗੀ...

ਕਦੇ ਮਿੱਟੀ ਓਹਲੇ ਸੁੱਤੇ ਹੋਏ ਰੰਗਾਂ ਨੂੰ ਜਗਾ
ਫਿਰ ਆਪੇ ਨੂੰ ਹੀ ਭੁੱਲੇ ਹੋਏ ਰਸਤੇ ਦਿਖਾ
ਫਿਰ ਜੀਣ ਹੇਠ ਦੱਬੇ ਪਏ ਸਹਾਰਿਆਂ ਨੂੰ ਬੁਣ
ਕਦੇ ਠਹਿਰ ਜੋਗੀ...

ਉਂਜ ਜੀਣ ਲਈ ਤਾਂ ਸਾਹਾਂ ਕੋਲ ਲਾਰੇ ਵੀ ਬੜੇ
ਦੂਰ ਅੰਬਰਾਂ 'ਚ ਘੁੰਮਦੇ ਸਿਤਾਰੇ ਵੀ ਬੜੇ
ਅਸੀਂ ਤੁਰੇ ਸੱਦ, ਸੋਚ ਦੇ ਸ਼ਰਾਰਿਆਂ ਦੀ ਸੁਣ

ਕਦੇ ਠਹਿਰ ਜੋਗੀ ਸਾਡੇ ਇਕਤਾਰਿਆਂ ਨੂੰ ਸੁਣ
ਸਾਨੂੰ ਆਪਣੇ ਵੈਰਾਗ ਵਿਚ ਮਾਰਿਆਂ ਨੂੰ ਸੁਣ

◆

## ਆ ਨਿਰਮੋਹੀਏ ਰੁੱਤੇ

ਆ ਨਿਰਮੋਹੀਏ ਰੁੱਤੇ ਤੇਰੇ
ਅੱਥਰੇਪਣ ਵਿਚ ਪਿਆਰ ਭਰਾਂ
ਸੋਹਣੇ ਸੋਹਣੇ ਸੁਪਨੇ ਜੜ ਕੇ
ਚੱਲ ਤੇਰਾ ਸ਼ਿੰਗਾਰ ਕਰਾਂ

ਕਿੰਨੇ ਕੰਡੇ ਨਿੱਤ ਘਲਾਵੇਂ
ਤੂੰ ਚਾਵਾਂ ਦੇ ਰਾਹਾਂ ਲਈ
ਭਰ ਕੇ ਕਿੰਨੀ ਪੀੜ, ਹਵਾਵਾਂ
ਤੋਰੇਂ ਸਾਡੇ ਸਾਹਾਂ ਲਈ
ਚਾਵਾਂ ਤੇ ਸਾਹਵਾਂ ਦੀ ਪੀੜਾ
ਹਰ ਪਲ ਖ਼ੁਦ 'ਚੋਂ ਪਾਰ ਕਰਾਂ...ਆ ਨਿਰਮੋਹੀਏ...

ਹਰ ਸੁਪਨੇ ਦੇ ਲੇਖ 'ਚ ਹਰਦਮ
ਵਾਹੁੰਦੀ ਰਹੇਂ ਉਡੀਕਾਂ ਹੀ
ਮਨ ਦੀ ਕੂਲੀ ਮਖ਼ਮਲ 'ਤੇ
ਪਾਵੇਂ ਦਰਦਾਂ ਦੀਆਂ ਲੀਕਾਂ ਹੀ
ਆ ਦਰਦਾਂ 'ਚੋਂ ਸਿੰਮੇ ਅੱਥਰੂ
ਤੇਰੇ ਤੋਂ ਹੀ ਵਾਰ ਧਰਾਂ...ਆ ਨਿਰਮੋਹੀਏ...

ਨਜ਼ਰ ਅਸਾਡੀ ਵਿਚ ਭਰਦੀ ਏਂ
ਮੋਹ ਦੇ ਨਵੇਂ ਪੈਮਾਨੇ ਕਿਉਂ
ਖੜ੍ਹੇ ਖੜੋਤੇ ਪਲ ਵਿਚ ਉਹੀ
ਕਰ ਜਾਂਦੇ ਬੇਗ਼ਾਨੇ ਕਿਉਂ
ਇਨ੍ਹਾਂ ਪੈੜਾਂ ਦਾ ਭਰਿਆ ਮਨ
ਤੇਰੇ ਉੱਤੋਂ ਨਿਸਾਰ ਕਰਾਂ...ਆ ਨਿਰਮੋਹੀਏ...

ਸਾਡੀ ਸੋਚ ਦੇ ਰਾਹੀਂ ਅੜੀਏ
ਟੇਢੇ ਮੇਢੇ ਮੋੜ ਭਰੇ

ਟੇਢੇ ਮੇਢੇ ਮੋੜਾਂ ਦੇ ਅੰਦਰ
ਫਿਰ ਤਿੱਖੇ ਤਿੱਖੇ ਰੋੜ ਭਰੇ
ਇਹ ਕੁਝ ਵਾਹੁੰਦੀ ਤੇਰੀ ਕਾਨੀ
ਦੇ ਅੰਦਰ ਮੈਂ ਪਿਆਰ ਭਰਾਂ...ਆ ਨਿਰਮੋਹੀਏ...

ਪੱਤਝੜ ਦੇ ਜਾਏ ਹਾਂ ਸਖੀਏ
ਅੱਖੀਆਂ ਵਿਚ ਬਹਾਰਾਂ ਨੇ
ਧਰਤੀ ਦੇ ਮਾਲੀ ਬਣ ਜੰਮੇਂ
ਅੰਬਰ ਦੀਆਂ ਸਰਕਾਰਾਂ ਨੇ
ਧਰਤੀ ਦੀ ਪੀੜਾ ਦੀ ਤੇਰੇ
ਅੰਬਰ ਨੂੰ ਕੋਈ ਸਾਰ ਕਰਾਂ...

ਆ ਨਿਰਮੋਹੀਏ ਰੁੱਤੇ, ਤੇਰੇ
ਅੱਥਰੇਪਨ ਵਿੱਚ ਪਿਆਰ ਭਰਾਂ
ਸੋਹਣੇ ਸੋਹਣੇ ਸੁਪਨੇ ਜੜ ਕੇ
ਚੱਲ ਤੇਰਾ ਸ਼ਿੰਗਾਰ ਕਰਾਂ...

◆

# ਕੱਚ ਦੇ ਇਸ ਕੋਟ ਦੇ ਧੁਰ ਅੰਦਰ

ਕੱਚ ਦੇ ਇਸ ਕੋਟ ਦੇ ਧੁਰ ਅੰਦਰ
ਇਕ ਚੁੱਪ ਦਾ ਸ਼ਹਿਰ ਵਸਾਇਆ ਹੈ
ਜ਼ਿੰਦਗੀ, ਤੇਰੇ ਡਾਢੇ ਗਹਿਰੇ
ਹੁੰਮਸ ਨੂੰ ਅਸਾਂ ਪਤਿਆਇਆ ਹੈ

ਇਸ ਚੁੱਪ ਵਿਚ ਪਰਬਤ ਪੀੜਾਂ ਦੇ
ਅੱਥਰੂਆਂ ਦੇ ਝਰਨੇ ਵਹਿੰਦੇ
ਕੁਝ ਗੀਤ ਦਫ਼ਨ ਮਨ ਦੇ ਵਿਹੜੇ
ਸ਼ਬਦਾਂ ਅੰਦਰ ਲਿਪਟੇ ਰਹਿੰਦੇ
ਆਵਾਜ਼ ਨੂੰ ਲੱਭਦਿਆਂ ਹੀ ਅੰਦਰ
ਆਪੇ ਨੂੰ ਅਸਾਂ ਗਵਾਇਆ ਹੈ...ਕੱਚ ਦੇ...

ਇਸ ਸ਼ਹਿਰ 'ਚ ਬਸਤੀ ਸੋਚਾਂ ਦੀ
ਵਿਚਕਾਰ ਉਦਾਸ ਹਵਾਵਾਂ ਦੇ
ਹਰ ਰਾਹ ਰਸਤੇ ਵਿਚ ਖਿੱਲਰੇ ਪਏ
ਝਗੜੇ ਕਈ ਧੁੱਪਾਂ ਛਾਵਾਂ ਦੇ
ਧੁੱਪ ਡਾਢੀ ਨੇ ਬਿਰਖਾਂ ਹੇਠੋਂ
ਛਾਵਾਂ ਨੂੰ ਆਪ ਉਠਾਇਆ ਹੈ...ਕੱਚ ਦੇ...

ਇਥੇ ਗਹਿਰੀਆਂ ਕੰਦਰਾਂ ਦੇ ਅੰਦਰ
ਆਪਣੀਆਂ ਭੁੱਲ ਭੁਲਈਆਂ ਨੇ
ਗੀਤਾਂ ਤੋਂ ਨਿਖੜੀਆਂ ਕੁਝ ਤਰਜ਼ਾਂ
ਮੌਸਮ ਵਿਚ ਸੁੱਤੀਆਂ ਪਈਆਂ ਨੇ
ਐਵੇਂ ਕਿਸੇ ਗੀਤ ਅਧੂਰੇ ਦਾ
ਬੱਸ ਚੇਤਾ ਗੁਣਗੁਣਾਇਆ ਹੈ...ਕੱਚ ਦੇ...

ਮਨ ਦੇ ਅੰਬਰੋਂ ਅੱਖ ਦੇ ਵਿਹੜੇ
ਅੱਥਰੂਆਂ ਦਾ ਮੀਂਹ ਨਿੱਤ ਵਰ੍ਹੇ

ਗ਼ਮ ਉੱਗਦੇ ਜਿਥੇ ਘਾਹ ਵਾਂਗਰ
ਰਹਿੰਦੀ ਏ ਜਿੰਦੜੀ ਓਸ ਘਰੇ
ਲੰਘ ਬਸਤੀ ਹੌਕੇ ਹਾਵਾਂ ਦੀ
ਇਸ ਸ਼ਹਿਰ ’ਚ ਹਰ ਸਾਹ ਆਇਆ ਹੈ...ਕੱਚ ਦੇ...

ਇਸ ਸ਼ਹਿਰ ’ਚ ਸ਼ੋਰ ਦੇ ਜੰਗਲ ਨੇ
ਵਿਚੇ ਚੁੱਪ ਫਿਰਦੀ ਰਿਹਾ ਕਰੇ
ਜ਼ਿੰਦਗੀ ਜੋ ਬੀਤੀ ਬਿਨ ਜੀਵੇ
ਓਸੇ ਨੂੰ ਜੀਣਾ ਕਿਹਾ ਕਰੇ
ਹੁੰਮਸ ਦੇ ਸ਼ਾਲ ’ਚ ਲਿਪਟੀ ਚੁੱਪ
ਉਹਲੇ ਜ਼ਿੰਦਗੀ ਦਾ ਸਾਇਆ ਹੈ

ਕੱਚ ਦੇ ਇਸ ਕੋਟ ਦੇ ਧੁਰ ਅੰਦਰ
ਇਕ ਚੁੱਪ ਦਾ ਸ਼ਹਿਰ ਵਸਾਇਆ ਹੈ
ਜ਼ਿੰਦਗੀ ਤੇਰੇ ਡਾਢੇ ਗਹਿਰੇ
ਹੁੰਮਸ ਨੂੰ ਅਸਾਂ ਪਤਿਆਇਆ ਹੈ

◆

## ਆਈ ਹੀ ਸੈਂ ਜੇ ਜ਼ਿੰਦਗੀ

ਆਈ ਹੀ ਸੈਂ ਜੇ ਜ਼ਿੰਦਗੀ
ਲੈ ਆਉਂਦੀ ਕੁਝ ਸਮਾਨ ਵੀ
ਪੈਰਾਂ ਲਈ ਜ਼ਮੀਨ ਤੇ
ਸਿਰ ਵਾਸਤੇ ਅਸਮਾਨ ਵੀ

ਪੈਰ ਤਾਂ ਕਰਦੇ ਰਹੇ
ਬੇਚੈਨ ਪੌਣਾਂ ਦਾ ਸਫ਼ਰ
ਖ਼ਬਰੇ ਕਿਹੜੇ ਅੰਬਰੋਂ
ਆਉਂਦੇ ਰਹੇ ਤੂਫ਼ਾਨ ਵੀ

ਕੁਝ ਸ਼ਬਦ ਤਾਂ ਰੱਖਦੀ ਸਾਡੇ
ਜੀਣ ਵਿਚਲੀ ਪੀੜ ਲਈ
ਹੁੰਦਾ ਜਿਨ੍ਹਾਂ ਕੋਲ ਆਪਣੇ
ਅਰਥਾਂ ਦਾ ਸਾਮਾਨ ਵੀ

ਬੇਮੇਚ ਚਲਦੇ ਵੇਲਿਆਂ ਦਾ
ਕੁਝ ਤਾਂ ਹੁੰਦਾ ਨਾਪ-ਤੋਲ
ਦਿਸਦਾ ਰਹਿੰਦਾ ਮੁੱਕਣੀ ਕਦ
ਵਾਟ ਇਹ ਬੇਜਾਨ ਵੀ

ਕੁਝ ਤਾਂ ਸਮਰੱਥਾ ਵੀ ਹੁੰਦੀ
ਖ਼ੁਦ ਲਈ ਜੀਣ ਥੀਣ ਦੀ
ਰਾਹੇ ਤਾਂ ਪੈਂਦੇ ਕਿਸੇ
ਅਹਿਸਾਸਾਂ ਦੇ ਅਰਮਾਨ ਦੀ

ਲਿੱਪੀ ਦੇ ਕੇ ਸੂਝ ਦੇਂਦੀ
ਜਾਚ ਫਿਰ ਹੱਥਾਂ ਨੂੰ ਵੀ

ਲਿਖਣ ਦੀ ਇਸ ਸ਼ਹਿਰ ਵੱਸੀ
ਪੀੜ ਦਾ ਅਨੁਮਾਨ ਵੀ

ਰਿਸ਼ਤਿਆਂ ਦੀਆਂ ਗੁੰਝਲਾਂ ਨੂੰ
ਦੱਸਦੀ ਕੇਵੇਂ ਖੋਲ੍ਹਣਾ
ਕਿਸ ਤਰ੍ਹਾਂ ਫਿਰ ਪਾਸ ਕਰਨੇ
ਆਏ ਇਮਤਿਹਾਨ ਵੀ

ਸਾਹਾਂ 'ਚੋਂ ਰਿਸਦੀ ਪੀੜ ਦੀ
ਬਾਰਿਸ਼ ਦੇ ਕਤਰੇ ਜੋੜ ਕੇ
ਚਿਤਵਣਾ ਕਿੰਜ ਆਪਣੇ
ਹਿੱਸੇ ਦਾ ਆਸਮਾਨ ਵੀ

ਚੀਸਾਂ ਦੀ ਵਹਿੰਦੀ ਭੀੜ ਨੂੰ
ਹੈ ਮੰਨਣਾ ਮੇਲਾ ਕਿਵੇਂ
ਆਪਣੇ ਟੋਟੇ ਵੇਚ ਕਿਵੇਂ
ਮਣਸਣੇ ਅਰਮਾਨ ਵੀ

ਆਪਣੇ ਹੀ ਨਾਲ ਕਰ
ਸਮਝੌਤੇ ਆਪੇ ਤੋੜਨੇ
ਪੂਰਦੇ ਰਹਿਣਾ ਫਿਰ ਆਪੇ
ਕਰ ਲਏ ਨੁਕਸਾਨ ਵੀ

ਆਈ ਹੀ ਸੈਂ ਜੇ ਜ਼ਿੰਦਗੀ
ਲੈ ਆਉਂਦੀ ਕੁਝ ਸਾਮਾਨ ਵੀ
ਪੈਰਾਂ ਲਈ ਜ਼ਮੀਨ ਤੇ
ਸਿਰ ਵਾਸਤੇ ਆਸਮਾਨ ਵੀ

◆

## ਪਲ ਸੀ ਜਿਹੜੇ ਡਲ੍ਹਕਦੇ

ਪਲ ਸੀ ਜਿਹੜੇ ਡਲ੍ਹਕਦੇ
ਜੀਣ ਦੀ ਹਰ ਆਸ ਲਈ
ਤ੍ਰੇਲ ਦੇ ਕਤਰੇ ਹੀ ਨਿਕਲੇ
ਜ਼ਿੰਦਗੀ ਦੀ ਪਿਆਸ ਲਈ

ਜੀਣ ਹੋਇਆ ਖ਼ੁਦ ਨੂੰ ਖਾਣਾ
ਥੋੜ੍ਹਾ ਥੋੜ੍ਹਾ ਖੁਰਚ ਕੇ
ਤੁਰਦੇ ਰਹਿਣਾ ਨ੍ਹੇਰ ਸੰਗ
ਅੱਛੇ ਦਿਨਾਂ ਦੀ ਆਸ ਲਈ

ਪੁੱਛ ਵੇਖੋ ਚੁੱਪ ਵਹਿੰਦੇ
ਪਾਣੀਆਂ ਦਾ ਹਾਲ ਵੀ
ਜ਼ਹਿਰ ਭਰੀਆਂ ਵਹਿਣ ਲਹਿਰਾਂ
ਗੁੰਮ ਸੁੰਮ ਅਹਿਸਾਸ ਲਈ

ਮਨ ਦਾ ਸਾਫ਼ ਹੋਣਾ ਹੁਣ ਤਾਂ
ਨਿਭ ਰਿਹਾ ਆਪਣੇ ਖ਼ਿਲਾਫ਼
ਚੁੱਪ ਖੜ੍ਹੇ ਹਾਂ ਭੀੜਾਂ ਅੰਦਰ
ਸੁੰਨ ਦਾ ਆਵਾਸ ਲਈ

ਧਰਤ ਦੀ ਪੀੜਾ ਦੇ ਹਾਮੀ
ਖ਼ੁਦਕੁਸ਼ੀ ਦੇ ਰਾਹ ਪਏ
ਕਿਹੜੇ ਅੱਖਰ, ਕੌਣ ਬੋਲੇ
ਕਿਸ ਨੂੰ ਹੁਣ ਧਰਵਾਸ ਲਈ

ਪੌਣਾਂ ਖੰਭੀਂ ਨਕਸ਼ਿਆਂ ਦੇ
ਸਾਰੇ ਮੰਡਲ ਗਾਹ ਲਏ

ਜ਼ਿੰਦਗੀ ਇਕ ਗੇਂਦ ਹੋਈ
ਵੇਲਿਆਂ ਦੀ ਰਾਸ ਲਈ

ਲਿਖ ਰਹੇ ਨੇ ਅਕਲਦਾਨ
ਸੂਤਰ ਸਾਡੇ ਜੀਣ ਦੇ
ਸਰਘੀਆਂ ਦੇ ਲਾਰਿਆਂ ਦੇ
ਹੱਥ ਵਿਚ ਸਲਫਾਸ ਲਈ

ਪਲ ਸੀ ਜਿਹੜੇ ਡਲ੍ਹਕਦੇ
ਜੀਣ ਦੀ ਹਰ ਆਸ ਲਈ
ਤ੍ਰੇਲ ਦੇ ਕਤਰੇ ਹੀ ਨਿਕਲੇ
ਜ਼ਿੰਦਗੀ ਦੀ ਪਿਆਸ ਲਈ

◆

# ਹਰ ਸ਼ਹਿਰ ਵਿਕਾਊ ਹੈ ਸੱਜਣਾਂ

ਹਰ ਸ਼ਹਿਰ ਵਿਕਾਊ ਹੈ ਸੱਜਣਾਂ
ਹਰ ਲਹਿਰ ਵਿਕਾਊ ਹੈ ਸੱਜਣਾਂ

ਸਾਡੇ ਆਲ਼ੇ ਭੋਲ਼ੇ ਮਾਲੀ ਦੀ
ਹਰ ਠਹਿਰ ਵਿਕਾਊ ਹੈ ਸੱਜਣਾਂ

ਹੁਣ ਵੱਜਦੇ ਰਾਗ ਬਾਜ਼ਾਰੀ ਦੀ
ਹਰ ਬਹਿਰ ਵਿਕਾਊ ਹੈ ਸੱਜਣਾਂ

ਆਨੰਦ ਦੇ ਰੰਗਲੇ ਕਾਗ਼ਜ਼ ਵਿਚ
ਹਰ ਜ਼ਹਿਰ ਵਿਕਾਊ ਹੈ ਸੱਜਣਾਂ

ਹਰ ਰਿਸ਼ਤੇ ਉਹਲੇ ਧੋਖੇ ਦਾ
ਕੋਈ ਕਹਿਰ ਵਿਕਾਊ ਹੈ ਸੱਜਣਾਂ

ਕੋਸ਼ਿਸ਼ ਕਰ ਕੇ ਸਿਰਜੀ ਜਾਂਦੀ
ਹੁਣ ਗਹਿਰ ਵਿਕਾਊ ਹੈ ਸੱਜਣਾਂ

ਹਰ ਸ਼ਹਿਰ ਵਿਕਾਊ ਹੈ ਸੱਜਣਾਂ
ਹਰ ਲਹਿਰ ਵਿਕਾਊ ਹੈ ਸੱਜਣਾਂ

◆

## ਸੱਚ ਜਿਹੇ ਆਪੇ ਨੂੰ

ਸੱਚ ਜਿਹੇ ਆਪੇ ਨੂੰ ਕੱਚ ਵਿਚ ਢਾਲ ਬੈਠੇ
ਖ਼ੁਦ ਦਵਾ ਸਾਂ ਦਰਦ ਬਹੁਤੇ ਪਾਲ ਬੈਠੇ

ਕੱਚ ਸਾਂ ਤਿੜਕੇ ਤੇ ਖਿੱਲਰੇ ਵੀ ਅਸੀਂ
ਟੁੱਟੇ ਸਾਰੇ ਅਕਸ ਫਿਰ ਸੰਭਾਲ਼ ਬੈਠੇ

ਬਹੁਤ ਸਾਰੀ ਬਹਿਸ ਫਿਰ ਹੁੰਦੀ ਰਹੀ
ਜਦ ਕਦੇ ਵੀ ਆਪ ਆਪਣੇ ਨਾਲ ਬੈਠੇ

ਖ਼ਬਰੇ ਕਿਹੜੇ ਰਾਗ ਗਾਏ ਜ਼ਿੰਦਗੀ ਨੇ
ਖ਼ਬਰੇ ਕਿੱਥੇ ਥਿੜਕ ਸਾਡੇ ਤਾਲ ਬੈਠੇ

ਧਰਤ 'ਤੇ ਬੀਜੀ ਅਸਾਂ ਨੇ ਜ਼ਿੰਦਗੀ
ਖ਼ਬਰੇ ਕਿਵੇਂ ਮੌਤ ਵਿਚ ਫਿਰ ਢਾਲ ਬੈਠੇ

ਆਪਣੇ ਅੰਬਰ ਖ਼ੁਸ਼ ਰਹੋ ਐ ਤਾਰਿਓ
ਹੁਣ ਅਕੀਦੇ ਆਪਣੇ ਜੁਗਨੂੰ ਪਾਲ ਬੈਠੇ

ਸੱਚ ਜਿਹੇ ਆਪੇ ਨੂੰ ਕੱਚ ਵਿਚ ਢਾਲ ਬੈਠੇ
ਖ਼ੁਦ ਦਵਾ ਸਾਂ ਦਰਦ ਬਹੁਤੇ ਪਾਲ ਬੈਠੇ

◆

## ਧਰਤੀ ਹੋਈ ਸੋਨਾ ਸੋਨਾ

ਧਰਤੀ ਹੋਈ ਸੋਨਾ ਸੋਨਾ
ਪਏ ਸਰ੍ਹੋਂ ਨੂੰ ਫੁੱਲ ਵੇ
ਇਸ ਸੋਹਣੀ ਰੁੱਤ ਬਸੰਤੀ ਨੂੰ
ਜਿੰਦ ਲੈਣਾ ਚਾਹੇ ਮੁੱਲ ਵੇ

ਇਸ ਰੁੱਤੇ ਕਣਕਾਂ ਨਿੱਸਰੀਆਂ
ਇਸ ਰੁੱਤੇ ਰੀਝਾਂ ਪੁੰਗਰੀਆਂ
ਗਰਭਣ ਧਰਤ ਦੀ ਗੋਦ ਭਰੀ
ਫੁੱਟ ਫੁੱਟ ਪਏ ਖਿੜਦੇ ਫੁੱਲ ਵੇ...ਧਰਤੀ ਹੋਈ...

ਠਰ੍ਹੀਆਂ ਪੌਣਾਂ ਹੋਈਆਂ ਨਿੱਘੀਆਂ
ਤਰਬਾਂ ਦੀਆਂ ਖੁੱਲ੍ਹ ਗਈਆਂ ਘਿੱਗੀਆਂ
ਫੱਗਣ ਦੀ ਪੌਣ ਰਵਾਂ ਹੋਈ
ਤੇ ਗੀਤ ਰਹੇ ਵਿਚ ਘੁਲ਼ ਵੇ...ਧਰਤੀ ਹੋਈ...

ਇਸ ਰੁੱਤੇ ਮਨ ਦੇ ਮੀਤ ਤੂੰ ਆ
ਪਿਘਲ਼ੀ ਮੌਸਤ ਦੀ ਸੀਤ ਤੂੰ ਆ
ਬਰਫ਼ਾਂ ਝਰਨੇ ਵਿਚ ਢਲ਼ ਗਈਆਂ
ਕੁਦਰਤ ਦਾ ਮੋਹ ਰਿਹਾ ਡੁੱਲ੍ਹ ਵੇ...ਧਰਤੀ ਹੋਈ...

ਜਦ ਚਾਰ ਚੁਫ਼ੇਰੇ ਰੰਗ ਜਾਗੇ
ਆਪਣੇ ਮਨ ਦੇ ਖਿੱਲਰੇ ਧਾਗੇ
ਆਪਣੇ ਤੋਂ ਹੀ ਨਾ ਸੁਲਝ ਰਹੇ
ਮੈਂ ਰੁੱਤ ਲਵਾਂ ਕਿੰਜ ਮੁੱਲ ਵੇ

ਧਰਤੀ ਹੋਈ ਸੋਨਾ ਸੋਨਾ
ਪਏ ਸਰ੍ਹੋਂ ਨੂੰ ਫੁੱਲ ਵੇ
ਇਸ ਸੋਹਣੀ ਰੁੱਤ ਬਸੰਤੀ ਨੂੰ
ਜਿੰਦ ਲੈਣਾ ਚਾਹੇ ਮੁੱਲ ਵੇ

◆

## ਕਾਲੀ ਘਟਾ

ਕਾਲੀ ਘਟਾ ਜਦ ਵੀ ਘਿਰ ਜਾਏਗੀ।
ਬਹਾਰ ਵੀਰਾਨੇ 'ਚ ਫਿਰ ਆਏਗੀ।

ਮਰਦੀ ਨਹੀਂ ਮਹਿਕ ਜ਼ਿੰਦਾ ਸਦਾ ਹੈ,
ਹੋ ਕੇ ਕਸ਼ੀਦਣ ਵੀ ਤਿਰ ਆਏਗੀ।

ਬੁਝੇ ਸਿਤਾਰੇ, ਫਿਰ ਜਗ ਪੈਣਗੇ,
ਜਦ ਚਾਨਣੀ ਬਣ ਕੇ ਧਿਰ ਆਏਗੀ।

ਪੌਣ ਪੂੰਝੇਗੀ, ਧੂੰਏਂ ਇਕ ਇਕ ਨੂੰ,
ਲਾਲੀ ਊਸ਼ਾ ਦੇ ਮੁਖੜੇ 'ਤੇ ਫਿਰ ਜਾਏਗੀ।

ਖੋਲ੍ਹਣਗੇ ਹੱਥ ਗੰਢ ਚਾਨਣ ਦੀ ਜਦ,
ਕਾਲੋਂ ਨ੍ਹੇਰੇ ਦੀ ਹੱਥਾਂ 'ਚੋਂ ਕਿਰ ਜਾਏਗੀ।

ਮੇਰੀ ਕਿਸ਼ਤੀ ਏ ਚੱਪੂ ਦੀ ਰੂਹੇ ਰਵਾਂ,
ਹੋਰ ਹੋ ਕੇ ਭੰਵਰ 'ਚੋਂ ਸਥਿਰ ਆਏਗੀ।

ਨਜ਼ਰ ਮੇਰੀ ਨੂੰ, ਕੰਧਾਂ ਦੀ ਪਰਵਾਹ ਨਹੀਂ,
ਇਹ ਤਾਂ ਪਰ ਲਾ ਕੇ ਅਰਸ਼ਾਂ 'ਚੋਂ ਫਿਰ ਆਏਗੀ।

◆

## ਸ਼ੀਸ਼ੇ ਦੀ ਜੂਨ

ਕਦੇ ਅੱਖੀਆਂ ਨੂੰ ਬੰਦ ਕਰਦੇ ਹਾਂ
ਮਨ ਅਕਸ ਦੇ ਪਾਣੀ ਤਰਦੇ ਹਾਂ
ਯਾਦਾਂ ਦੇ ਮੋਤੀ ਚੁਣਦੇ ਹਾਂ
ਕਦੇ ਰੇਤੇ ਵਿਚ ਉਤਰਦੇ ਹਾਂ...

ਕਦੇ ਗਰਭਣ ਜਿਹੀ ਦੋਮੇਲ ਹੋਵੇ
ਛੂਹਾਂ ਤਾਂ ਬਸ ਖ਼ਲਾਅ ਹੋਵੇ
ਫਿਰ ਵੀ ਉਹ ਅਕਸ ਰਹੇ ਜ਼ਿੰਦਾ
ਮੁੜ ਵਾਹੁੰਦੇ ਤੇ ਰੰਗ ਭਰਦੇ ਹਾਂ
ਕਦੇ ਅੱਖੀਆਂ ਨੂੰ...

ਸ਼ੀਸ਼ੇ ਵਿਚ ਅਕਸ ਉਭਰਦੇ ਨੇ
ਤੇ ਟੁੱਟ ਕੇ ਖਿਲਰ ਜਾਂਦੇ ਨੇ
ਸ਼ੀਸ਼ੇ ਦੀ ਜੂਨ ਹੰਢਾਉਂਦੇ ਹਾਂ
ਹੁਣ ਖ਼ਾਲੀਪਨ ਵਿਚ ਤਰਦੇ ਹਾਂ
ਕਦੇ ਅੱਖੀਆਂ ਨੂੰ...

ਇਕ ਪਲ ਮਨ ਅੰਬਰ ਉੱਡਦੇ ਹਾਂ
ਦੂਜੇ ਥਲ ਜਾ ਕੇ ਡਿੱਗਦੇ ਹਾਂ
ਫਿਰ ਜੀਣ ਦੀ ਤਾਲ ਮਿਲਾਉਂਦੇ ਹੀ
ਅਸੀਂ ਜਿੱਤਦੇ ਜਿੱਤਦੇ ਹਰਦੇ ਹਾਂ
ਕਦੇ ਅੱਖੀਆਂ ਨੂੰ...

ਇਹ ਜ਼ਿੰਦਗੀ ਗੂੜ੍ਹ ਸਹੇਲੀ ਏ
ਤੇ ਨਾਲੇ ਅਜਬ ਪਹੇਲੀ ਏ
ਸਾਨੂੰ ਛੇੜੇ ਸ਼ੀਸ਼ਾ ਸ਼ੀਸ਼ਾ ਕਹਿ
ਕਿ ਪੱਥਰਾਂ ਕੋਲੋਂ ਡਰਦੇ ਹਾਂ
ਕਦੇ ਅੱਖੀਆਂ ਨੂੰ...

ਅਸੀਂ ਪਾਣੀਆਂ ਦੇ ਹਮਸਾਏ ਹਾਂ
ਤੇ ਵੇਸ ਹਵਾ ਦੇ ਆਏ ਹਾਂ
ਨਿੱਤ ਪੱਥਰਾਂ ਨੂੰ ਸਰ ਕਰਦੇ ਹਾਂ
ਤੇ ਸ਼ੀਸ਼ਿਆਂ ਕੋਲੋਂ ਹਰਦੇ ਹਾਂ
ਕਦੇ ਅੱਖੀਆਂ ਨੂੰ...

ਕਦੇ ਅੱਖੀਆਂ ਨੂੰ ਬੰਦ ਕਰਦੇ ਹਾਂ
ਮਨ ਅਕਸ ਦੇ ਪਾਣੀ ਤਰਦੇ ਹਾਂ

◆

## ਜੋ ਵੀ ਬੋਲ ਦੇਈਂ

ਮੈਨੂੰ ਕੁਦਰਤ ਜੋ ਵੀ ਬੋਲ ਦੇਈਂ
ਵਿਚ ਆਪਣੀ ਲਿੱਪੀ ਘੋਲ ਦੇਈਂ

ਆਪਣੇ ਨ੍ਹੇਰੇ ਜਦ ਵੀ ਛੋਹਾਂ
ਸਾਰੇ ਚੁਭਦੇ ਪੱਥਰ ਟੋਹਾਂ
ਜੜ੍ਹ ਵਾਂਗੂੰ ਮਿੱਟੀ ਸੰਗ ਜੁੜ ਕੇ
ਫਿਰ ਪੂਰੇ ਚਾਨਣ ਵੱਲ ਮੁੜ ਕੇ
ਤੇ ਪੌਣਾਂ ਦੇ ਨਾਲ ਬੋਲ ਸਕਾਂ
ਰਮਜ਼ੀ ਪੱਤਰੇ ਖੋਲ੍ਹ ਸਕਾਂ
ਬਿਰਖ਼ ਜਿਹਾ ਸਮਤੋਲ ਦੇਈਂ
ਵਿਚ ਆਪਣੀ ਲਿੱਪੀ ਘੋਲ ਦੇਈਂ

ਆਪਣੀ ਮਿੱਟੀ ਵਿਚ ਸਮਾਵਾਂ
ਇਸਦੇ ਦਰਦ ’ਚੋਂ ਰਿਸ ਰਿਸ ਜਾਵਾਂ
ਫੰਭਾ ਫੰਭਾ ਬੱਦਲੀ ਹੋਵਾਂ
ਆਪਣੀਆਂ ਬਿਜਲੀਆਂ ਓਹਲੇ ਰੋਵਾਂ
ਕਤਰਾ ਕਤਰਾ ਵੱਸਦੀ ਜਾਵਾਂ
ਧਰਤੀ ਦੀ ਪਿਆਸ ਬੁਝਾ ਪਾਵਾਂ
ਰਿਸਦੇ ਦਰਦ ਨੂੰ ਬੋਲ ਦੇਈਂ
ਵਿਚ ਆਪਣੀ ਲਿੱਪੀ ਘੋਲ ਦੇਈਂ

ਜੇ ਕਿਧਰੇ ਮੈਂ ਧੁੱਪ ਬਣ ਜਾਵਾਂ
ਰੋਕੇ ਬੱਦਲਾਂ ਦਾ ਪਰਛਾਵਾਂ
ਧਰਤ ਨਾ ਮੈਥੋਂ ਟੋਹੀ ਜਾਵੇ
ਸਿੱਲੀ ਪੀੜ ਨਾ ਛੋਹੀ ਜਾਵੇ
ਤਦ ਬੱਦਲਾਂ ’ਤੇ ਵਿਛ ਵਿਛ ਜਾਵਾਂ
ਸੋਨ ਕਿਨਾਰੀ ਲਾਉਂਦੀ ਜਾਵਾਂ

ਇੰਜ ਬੱਦਲਾਂ ਨੂੰ ਫੋਲ ਦੇਈਂ
ਵਿਚ ਆਪਣੀ ਲਿੱਪੀ ਘੋਲ਼ ਦੇਈਂ

ਸੋਚਾਂ ਦੇ ਝਰਨੇ ਜੋ ਵਹਿੰਦੇ
ਮੇਰੀ ਧਰਤੀ ਬਣ ਬਣ ਬਹਿੰਦੇ
ਤੁਰਨ ਦੀ ਕੋਸ਼ਿਸ਼ ਵਿਚ ਵਹਿ ਜਾਵਾਂ
ਸਾਹਾਂ ਦਾ ਡੁੱਬਣਾ ਸਹਿ ਜਾਵਾਂ
ਤਦ ਮੈਂ ਕਿੱਥੇ ਪੈਰ ਟਿਕਾਵਾਂ
ਜਿਥੇ ਸਾਂਵੀਂ ਹੋ ਖੜ੍ਹ ਜਾਵਾਂ
ਧਰਤ ਜਿਹੀ ਹਮਜੋਲ ਦੇਈਂ
ਵਿਚ ਆਪਣੀ ਲਿੱਪੀ ਘੋਲ ਦੇਈਂ

ਮੈਨੂੰ ਕੁਦਰਤ ਜੋ ਵੀ ਬੋਲ ਦੇਈਂ
ਵਿਚ ਆਪਣੀ ਲਿੱਪੀ ਘੋਲ ਦੇਈਂ

◆

# ਬਣ ਕੇ ਮਾਲੀ ਆਏ ਹਾਂ

ਐ ਰੁੱਤ ਨਾ ਸਮਝੀਂ ਦਰ ਤੇਰੇ ’ਤੇ
ਬਣ ਕੇ ਸਵਾਲੀ ਆਏ ਹਾਂ
ਤੇਰੇ ਵਿਹੜੇ ਫੱਗਣ ਬੀਜਣ ਲਈ
ਅਸੀਂ ਬਣ ਕੇ ਮਾਲੀ ਆਏ ਹਾਂ

ਅਸੀਂ ਰੁੱਤਾਂ ਦੇ ਸਧਰਾਏ ਸਾਂ
ਤੇ ਧੁੱਪਾਂ ਵਿਚ ਪਥਰਾਏ ਸਾਂ
ਜਦ ਰੁੱਤਾਂ ਰੰਗ ਗੁਆ ਗਈਆਂ
ਆਪਣੀ ਰੁੱਤ ਬਣ ਕੇ ਆਏ ਹਾਂ

ਅੰਬਰ ਦੇ ਸਭ ਪਰਦੇ ਖੋਲ੍ਹੇ
ਧਰਤੀ ਦੇ ਸਭ ਘਰ ਦਰ ਟੋਲੇ
ਸਾਹਾਂ ਦੀ ਹਵਾ ਸੀ ਕੈਦ ਕਿਤੇ
ਹੁਣ, ਆਪ ਹਵਾ ਬਣ ਆਏ ਹਾਂ

ਖਿੱਲਰੇ ਪਏ ਅੱਖਰ ਚੁਣਦੇ ਰਹੇ
ਸਿਰਨਾਵੇਂ ਆਪਣੇ ਬੁਣਦੇ ਰਹੇ
ਪਰਿਭਾਸ਼ਾ ਕੋਈ ਨਾ ਹੀ ਬਣੀ
ਹੁਣ ਖ਼ੁਦ ਨੂੰ ਲਿਖ ਲੈ ਆਏ ਹਾਂ

ਘਨਘੋਰ ਵੀ ਬਣ ਕੇ ਵੇਖ ਲਿਆ
ਅਸਾਂ ਥ੍ਹੋਰ ਵੀ ਬਣ ਕੇ ਵੇਖ ਲਿਆ
ਹੁਣ ਹੀ ਆਪਣੇ ਲਈ ਛਾਂ ਖ਼ਾਤਰ
ਅਸੀਂ ਬਿਰਖ਼ ਦੀ ਜੂਨੇ ਆਏ ਹਾਂ

ਅਸੀਂ ਸੋਚਾਂ ਨੂੰ ਪਰਨਾਏ ਜਿਹੇ
ਪਰ ਰਾਹਾਂ ਤੋਂ ਘਬਰਾਏ ਜਿਹੇ
ਅਸੀਂ ਕਿਹੜੇ ਰਾਹ ਦੇ ਪਾਂਧੀ ਸਾਂ
ਹੁਣ ਕਿਹੜੇ ਰਾਹੇ ਆਏ ਹਾਂ

ਅਟਕ ਗਏ ਕਦੇ ਖਿੜਕ ਗਏ
ਸੱਚ ਬਣਦੇ ਬਣਦੇ ਤਿੜਕ ਗਏ
ਕਾਇਦੇ ਦੇ ਕੈਦੇ ਪੜ੍ਹਦੇ ਅਸੀਂ
ਆਪਣਾ ਉਤਰ ਬਣ ਆਏ ਹਾਂ

ਕਿਸੇ ਨ੍ਹੇਰੇ ਸਾਨੂੰ ਕੀ ਕਹਿਣਾ
ਕਿਸੇ ਚਾਨਣ ਕੋਲੋਂ ਕੀ ਲੈਣਾ
ਹਰ ਚਾਨਣ ਦੀ ਕੰਧ ਤੋਂ ਉੱਚਾ
ਇਕ ਅੰਬਰ ਸਿਰਜ ਲਿਆਏ ਹਾਂ

ਐ ਰੁੱਤ ਨਾ ਸਮਝੀਂ ਦਰ ਤੇਰੇ ’ਤੇ
ਬਣ ਕੇ ਸਵਾਲੀ ਆਏ ਹਾਂ
ਤੇਰੇ ਵਿਹੜੇ ਫੱਗਣ ਬੀਜਣ ਲਈ
ਅਸੀਂ ਬਣ ਕੇ ਮਾਲੀ ਆਏ ਹਾਂ

◆

## ਕਦੇ ਮਿਲ ਮਨਾ ਦਿਆ ਮੌਸਮਾਂ

ਕਦੇ ਮਿਲ ਮਨਾ ਦਿਆ ਮੌਸਮਾਂ
ਫੱਗਣੀ ਜਿਹੇ ਲਿਬਾਸ ਵਿਚ
ਜ਼ਿੰਦਗੀ ਤੁਰੀ ਏ ਦੂਰ ਤੱਕ
ਤੇਰੀ ਇਕ ਝਲਕ ਦੀ ਆਸ ਵਿਚ

ਬੱਦਲ ਰਹੇ ਬੱਸ ਗਰਜਦੇ
ਤੇਰੇ ਅੰਬਰੋਂ ਨਾ ਕਣੀ ਵਰ੍ਹੀ
ਚੁੱਪ ਬੀਜ ਤਿੜਕਦੇ ਰਹੇ
ਕੋਈ ਆਸ ਨਾ ਹੋਈ ਹਰੀ
ਹੁਣ ਉੱਗ ਰਹੀ ਏ ਖ਼ੁਦਕੁਸ਼ੀ
ਮਿੱਟੀ ਦੀ ਗਹਿਰੀ ਪਿਆਸ ਵਿਚ...
ਕਦੇ ਮਿਲ...

ਸਾਡਾ ਜੀਣ ਵੀ ਹੈ ਇੰਜ ਦਾ
ਸਾਨੂੰ ਮੌਤ ਰੋਜ਼ ਪੁਕਾਰਦੀ
ਲੈਂਦੇ ਹਾਂ ਸਾਹ ਵੀ ਇਸ ਤਰ੍ਹਾਂ
ਜਿਵੇਂ ਜ਼ਿੰਦਗੀ ਏ ਉਧਾਰ ਦੀ
ਪੈਰਾਂ ਦੀ ਮਿੱਟੀ ਖੁਰ ਰਹੀ
ਚੰਨ ਤਾਰਿਆਂ ਦੀ ਰਾਸ ਵਿਚ...
ਕਦੇ ਮਿਲ...

ਫੱਗਣ ਨੂੰ ਨਿੱਤ ਉਲੰਘ ਕੇ
ਰੁੱਤ ਹਾੜ ਦੇ ਵਿਹੜੇ ਗਈ
ਅਸੀਂ ਚੇਤ ਚਿਤਵਦੇ ਰਹੇ
ਸੁੱਕੀ ਤਪਸ਼ ਸਾਡੀ ਝੋਲ ਪਈ
ਤੇ ਸਵਾਲ ਬਣ ਕੇ ਠਹਿਰ ਗਈ
ਸਾਡੇ ਥਿੜਕੇ ਜਿਹੇ ਸਵਾਸ ਵਿਚ...
ਕਦੇ ਮਿਲ...

ਸਮਿਆਂ ਦੇ ਹੇਰ ਫੇਰ ਵਿਚ
ਖ਼ੁਦ ਤੋਂ ਹੀ ਦਰ ਕਿਨਾਰ ਸਾਂ
ਹਰ ਪਲ ਹੀ ਮਿਲਿਆ ਇਸ ਤਰ੍ਹਾਂ
ਜਿਵੇਂ ਉਸਦੇ ਕਰਜ਼ਦਾਰ ਸਾਂ
ਖ਼ਾਨਾਬਦੋਸ਼ ਜਿੰਦ ਹੈ
ਪਲਾਂ ਦੇ ਕਾਰਾਵਾਸ ਵਿਚ
ਕਦੇ ਮਿਲ...

ਕਦੇ ਮਿਲ ਮਨਾ ਦਿਆ ਮੌਸਮਾਂ
ਫੱਗਣੀ ਜਿਹੇ ਲਿਬਾਸ ਵਿਚ
ਜ਼ਿੰਦਗੀ ਤੁਰੀ ਏ ਦੂਰ ਤੱਕ
ਤੇਰੀ ਇਕ ਝਲਕ ਦੀ ਆਸ ਵਿਚ

◆

## ਇਕ ਗੇੜਾ ਲਾਇਆ ਜਾਵੇ

ਨਾਨਕ ਦੇ ਸਾਰੇ ਸਫ਼ਰਾਂ 'ਤੇ ਇਕ ਗੇੜਾ ਲਾਇਆ ਜਾਵੇ
ਲੋਕਾਂ ਦੇ ਓਸ ਮਸੀਹੇ ਦੇ ਮਕਸਦ ਨੂੰ ਉਠਾਇਆ ਜਾਵੇ

ਇਸ ਚਾਨਣ ਮੱਤੇ ਯਾਦ ਦਿਵਸ ਨੂੰ ਇੰਜ ਮਨਾਇਆ ਜਾਵੇ
ਮਾਤਾ ਧਰਤ ਦੇ ਚਿਹਰੇ ਤੋਂ ਧੂੰਏਂ ਨੂੰ ਹਟਾਇਆ ਜਾਵੇ

ਨਾਨਕ ਦੇ ਸ਼ਬਦ ਸੁਨੇਹੇ ਨੂੰ ਇੰਜ ਮਨੀਂ ਵਸਾਇਆ ਜਾਵੇ
ਹਰ ਇਕ ਅਡੰਬਰ ਦੀ ਪੱਪੜੀ ਨੂੰ ਛੇੜ ਕੇ ਲਾਹਿਆ ਜਾਵੇ

ਹਰ ਇਕ ਵਖਰੇਵੇਂ ਦੇ ਰੋੜਾਂ ਨੂੰ ਰਾਹ 'ਚੋਂ ਹਟਾਇਆ ਜਾਵੇ
ਬੰਦੇ ਬੰਦੇ ਦੇ ਰਿਸ਼ਤੇ ਦਾ ਇਕ ਦੀਪ ਜਗਾਇਆ ਜਾਵੇ

ਕਿਰਤ ਕਰਨ ਤੇ ਵੰਡ ਖਾਣ ਜ਼ਿੰਦਗੀ 'ਚ ਵਸਾਇਆ ਜਾਵੇ
ਹਰ ਇਕ ਵਿਰਵੇ ਦੇ ਹਿੱਸੇ ਏਸੇ ਮੋਹ ਨੂੰ ਪੁਚਾਇਆ ਜਾਵੇ

ਨਾਨਕ ਦੇ ਸਾਰੇ ਸਫ਼ਰਾਂ 'ਤੇ, ਇਕ ਗੇੜਾ ਲਾਇਆ ਜਾਵੇ
ਲੋਕਾਂ ਦੇ ਓਸ ਮਸੀਹੇ ਦੇ ਮਕਸਦ ਨੂੰ ਉਠਾਇਆ ਜਾਵੇ

◆

# ਇਕ ਜਿੰਦੜੀ ਦੇ ਦੋ ਯਾਰ

ਇਕ ਜਿੰਦੜੀ ਦੇ ਦੋ ਯਾਰ
ਇਕ ਚਾਨਣ ਦੂਜਾ ਨ੍ਹੇਰਾ
ਮੈਨੂੰ ਦੋਹਾਂ ਨਾਲ ਪਿਆਰ

ਚਾਨਣ ਮੈਨੂੰ ਧੋ ਧੋ ਰੱਖਦਾ
ਜਗਮਗ ਕਰਦਾ ਆਵੇ
ਹੋਰ ਜੁਆਨ ਹੋਵੇ ਉਹ ਫਿਰ
ਤੇ ਅੱਖ ਮੇਰੀ ਚੁੰਧਿਆਵੇ
ਓਸੇ ਹੀ ਪਲ ਨ੍ਹੇਰਾ ਮੇਰੇ
ਮੋਢੇ 'ਤੇ ਹੱਥ ਰੱਖਦਾ
ਲੈ ਕੇ ਫੇਰ ਕਲਾਵੇ ਮੈਨੂੰ
ਸੁਪਨਿਆਂ ਨਾਲ ਮਨਾਵੇ
ਕਿਸ ਨਾਲ ਹੋਵਾਂ ਗ਼ੁੱਸੇ ਹੁਣ
ਤੇ ਦੇਵਾਂ ਮਨੋ ਵਿਸਾਰ...ਸਖੀ ਇਕ...

ਕਦੇ ਕਦੇ ਫਿਰ ਨ੍ਹੇਰਾ ਮੇਰੀਆਂ
ਅੱਖੀਆਂ ਵਿਚ ਬਹਿ ਜਾਵੇ
ਆਖੇ ਬੱਸ ਤੱਕਦੀ ਰਹਿ ਮੈਨੂੰ
ਸੋਚਾਂ 'ਤੇ ਛਾ ਜਾਵੇ
ਚਾਨਣ ਆ ਕੇ ਕਿਸੇ ਕਿਰਨ ਨਾਲ
ਅੱਖੀਆਂ ਵਿਚ ਟਕੋਰ ਕਰੇ
ਨਜ਼ਰ ਮੇਰੀ ਨੂੰ ਭੁੱਲੇ ਰਸਤੇ
ਫਿਰ ਤੋਂ ਆਣ ਦਿਖਾਵੇ
ਕਿੰਜ ਕਹਾਂ ਚਾਨਣ ਨਹੀਂ ਮੇਰਾ
ਮੋੜਾਂ ਕਿੰਜ ਮੁਹਾਰ...ਸਖੀ ਇਕ...

ਚਾਨਣ ਕਦੇ ਹਨੇਰੇ ਦੇ ਸੰਗ
ਖਹਿੰਦਾ ਖਹਿੰਦਾ ਜਾਵੇ

ਉਹਲੇ ਨਾਲ ਸ਼ਰਾਰਤ ਕਰਕੇ
ਨ੍ਹੇਰੇ ਦੇ ਨਾਂ ਲਾਵੇ
ਨ੍ਹੇਰਾ ਆਪਣਾ ਆਪ ਬਚਾਉਂਦਾ
ਚਾਨਣ ਦੇ ਨਾਲ ਲੜਦਾ
ਆਖੇ ਜੇਕਰ ਮੈਂ ਨਾ ਹੋਵਾਂ
ਕੌਣ ਤੇਰੇ ਵੱਲ ਆਵੇ
ਮੈਨੂੰ ਦੋਸ਼ ਮਿਲੇ ਤੋਂ ਹੀ ਤੂੰ
ਬਣਦਾ ਸ਼ਾਹ ਅਸਵਾਰ...ਸਖੀ ਇਕ...

ਚਾਨਣ ਕਦੇ ਬੜਾ ਖ਼ੁਸ਼ ਹੋ ਕੇ
ਹਰ ਪਰਦਾ ਲਾਹ ਜਾਵੇ
ਹਰ ਰਿਸ਼ਤੇ ਅੰਦਰਲੇ ਮੋਹ ਦੀਆਂ
ਰਮਜ਼ਾਂ ਦੇ ਰੰਗ ਲਾਹਵੇ
ਆਪਣੇਪਣ ਦੇ ਅਕਸ ਤਿੜਕਿਆਂ
ਜਦ ਮੈਂ ਟੁੱਟਦੀ ਜਾਵਾਂ
ਨ੍ਹੇਰਾ ਆ ਕੇ ਉਹਲੇ ਸਿਰਜੇ
ਭਰਮ ਦੇ ਟਾਂਕੇ ਲਾਵੇ
ਜੇ ਨ੍ਹੇਰੇ ਨੂੰ ਦੋਸ਼ ਦਿਆਂ
ਸਾਹਵਾਂ ਨੂੰ ਲਵਾਂ ਖਿਲਾਰ

ਸਖੀ ਇਕ ਜਿੰਦੜੀ ਦੋ ਯਾਰ
ਇਕ ਚਾਨਣ ਦੂਜਾ ਨ੍ਹੇਰਾ
ਮੈਨੂੰ ਦੋਹਾਂ ਨਾਲ ਪਿਆਰ
ਸਖੀ ਇਕ ਜਿੰਦੜੀ ਦੋ ਯਾਰ

◆

## ਦੱਸ ਨੀ ਵਿਸਾਖੀਏ

ਰੰਗਾਂ ਰੂਪਾਂ ਚਾਵਾਂ ਨਾਲ ਜੜੀਏ ਵਿਸਾਖੀਏ
ਬਦਲੀ ਏ ਜਿਵੇਂ ਹੁਣ ਕੀ ਤੈਨੂੰ ਆਖੀਏ

ਬਦਲੇ ਤੂੰ ਆਪਣੇ ਸਰੂਪ ਸਾਰੇ ਸਖੀਏ
ਰੂਪ ਤੇਰੇ ਹੋਏ ਨੇ ਅਰੂਪ ਸਾਰੇ ਸਖੀਏ
ਸੁਪਨਿਆਂ ਵਿਚ ਤਾਂ ਤੂੰ ਛੈਲ ਮੁਟਿਆਰ ਸੈਂ
ਹੁਣ ਤੇਰੇ ਰੰਗਾਂ ਦੀ ਅਜੀਬ ਜਿਹੀ ਝਾਕੀ ਏ
ਦੱਸ ਨੀ ਵਿਸਾਖੀਏ, ਕੀ ਤੈਨੂੰ ਆਖੀਏ

ਜੀਣ ਦੇ ਵਸੀਲੇ ਸਭ ਬਣ ਗਏ ਮਰਜ਼ਾਂ
ਖਾ ਲਈ ਕਿਸਾਨੀ ਸਾਰੀ ਖ਼ਰਚਾਂ ਤੇ ਗਰਜ਼ਾਂ
ਲੰਬੜਾਂ ਤੇ ਸ਼ਾਹਾਂ ਦੇ ਹਿਸਾਬ ਨਹੀਂ ਸੀ ਮੁੱਕਦੇ
ਬੈਂਕਾਂ ਦੇ ਹਿਸਾਬੀਂ ਹੁਣ ਕੈਦ ਤੂੰ ਵਿਸਾਖੀਏ
ਕਿੰਜ ਤੈਨੂੰ ਆਖੀਏ ਸਾਡੀ ਏਂ ਵਿਸਾਖੀਏ

ਮੌਸਮਾਂ ਦੀ ਮਾਰ ਤਾਂ ਹਮੇਸ਼ਾ ਤੋਂ ਹੀ ਪੈਂਦੀ ਸੀ
ਸੁਪਨਿਆਂ ਨੂੰ ਠੁੰਮ੍ਹਣੇਂ ਉਮੀਦ ਪਰ ਦੇਂਦੀ ਸੀ
ਠੁੰਮ੍ਹਣੇ ਵੀ ਸਾਰੇ ਜਦ ਭੁਰ ਚੁਰ ਜਾਣ ਫਿਰ
ਤੇਰੇ ਨਾਲ ਨੱਚਣੇ ਨੂੰ ਕੀਹਨੂੰ ਹੁਣ ਆਖੀਏ
ਦੱਸ ਨੀ ਵਿਸਾਖੀਏ, ਦੱਸ ਨੀ ਵਿਸਾਖੀਏ

ਰੰਗਲੇ ਜਿਹੇ ਗੀਤ ਤੇਰੇ ਸਾਰੇ ਝੂਠੇ ਪੈ ਗਏ
ਸ਼ਮਲੇ ਦਮਾਮੇ ਕਿਤੇ ਦੂਰ ਪਿੱਛੇ ਰਹਿ ਗਏ
ਸੁਪਨੇ ਜੋ ਤੱਕੇ ਸੀ ਧੂੰਏਂ ਦੀ ਜੂਨ ਪੈ ਗਏ
ਧੂੰਏਂ ਵਿਚ ਕਿਹੜੇ ਪਾਸੇ ਵੇਖੀਏ ਤੇ ਚਾਖੀਏ
ਦੱਸ ਸਖੀਏ ਨੀ ਕੁਝ ਦੱਸ ਨੀ ਵਿਸਾਖੀਏ

ਸੁੰਨ ਸੁੰਨ ਮੌਸਮਾਂ ’ਚ ਕਣਕਾਂ ਸੀ ਪਾਲੀਆਂ
ਵੇਖ ਵੇਖ ਚੜ੍ਹਦੀਆਂ ਸਾਨੂੰ ਵੀ ਸੀ ਲਾਲੀਆਂ
ਉੱਡ ਗਏ ਨੇ ਰੰਗ ਸਾਰੇ ਬਦਲੇ ਹਾਲਾਤ ਏਵੇਂ
ਬੈਠੀ ਏਂ ਬੇਰੰਗ ਸਾਡੀ ਰੋਟੀ ਦੀਏ ਰਾਖੀਏ
ਪਹਿਲੇ ਰੂਪ ਵਿਚ ਹੁਣ ਆ ਜਾ ਨੀ ਵਿਸਾਖੀਏ

ਰੰਗਾਂ ਰੂਪਾਂ ਚਾਵਾਂ ਨਾਲ ਜੜੀਏ ਵਿਸਾਖੀਏ
ਇੰਜ ਬਦਲੀ ਏਂ ਦੱਸ ਕੀ ਤੈਨੂੰ ਆਖੀਏ

◆

## ਹਵਾ ਦੀ ਰੂਹ ਪਿਆਸੀ ਉਨੀਂਦੀ ਏ ਹਾਲੇ

ਹਵਾ ਦੀ ਰੂਹ ਪਿਆਸੀ, ਉਨੀਂਦੀ ਏ ਹਾਲੇ
ਰੁੱਤ ਉੱਤੇ ਰੁੱਤ ਤਾਂ ਹੀ ਪੀਂਦੀ ਏ ਹਾਲੇ

ਸਦੀਆਂ ਦੇ ਰੁਦਨਾਂ ਦੇ ਪਿੱਛੋਂ ਜੋ ਪੁੰਗਰੇ
ਤਰਾਨੇ ਉਹੀ ਖਾ ਖਾ ਜੀਂਦੀ ਏ ਹਾਲੇ

ਜਿਹੜੇ ਬੁੱਲੇ ਕੱਖ ਆਲ੍ਹਣੇ ਦੇ ਖਿਲਾਰਨ
ਉਨ੍ਹਾਂ ਸੰਗ ਹਵਾ ਖਾਂਦੀ ਪੀਂਦੀ ਏ ਹਾਲੇ

ਅਹਿਸਾਸਾਂ ਦੇ ਹਰ ਸਹਿਕਦੇ ਪੱਤਰੇ ਤੇ
ਤੜਪ ਦੀ ਚੁਆਤੀ ਧਰੀਂਦੀ ਏ ਹਾਲੇ

ਉਮਰਾਂ ਨੂੰ ਮਿਲੀਆਂ ਸਜ਼ਾਵਾਂ ਦੀ ਮੁੱਦਤ
ਸਦੀਆਂ ਨੂੰ ਪਲ ਕਹਿ ਕਟੀਂਦੀ ਏ ਹਾਲੇ

ਖਿੱਲਰੇ ਹਨੇਰੇ 'ਚ ਖੰਭ ਚਾਨਣਾਂ ਦੇ
ਚੁਣ ਚੁਣ ਕੇ ਸਰਘੀ ਗਿਣੀਂਦੀ ਏ ਹਾਲੇ

ਜ਼ਿੰਦਗੀ ਤੂੰ ਛਿੱਟ ਨੂਰ ਅੱਖਾਂ 'ਚ ਪਾ ਲੈ
ਤੇਰੀ ਸੁਪਨਗਾਹ ਬਣੀਂਦੀ ਏ ਹਾਲੇ

◆